# ਗਲੋਬਲ ਪਰਵਾਸੀ ਸੋਸਾਇਟੀ ਵਾਲੇ ਬਜ਼ੁਰਗਾਂ ਨੇ ਵਿਸਾਖੀ ਮਨਾਈ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਲੋਬਲ ਪ੍ਰਵਾਸੀ ਸੀਨੀਅਰਜ਼ ਸੋਸਾਇਟੀ ਕੈਲਗਰੀ ਨੇ ਸੱਤਪਾਲ ਕੌਸ਼ਿਲ ਦੀ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਵਾਈਟਹਾਰਨ ਕਮਿਉਨਿਟੀ ਸੈਂਟਰ ਵਿਖੇ ਮਨਾਇਆ ਅਤੇ ਸਮਾਜ ਪ੍ਰਤੀ ਸ਼ਾਨਦਾਰ ਪ੍ਰਾਪਤੀਆਂ ਲਈ ਪੰਜ ਸ਼ਖਸੀਅਤਾਂ ਦਾ ਸਨਮਾਨ ਕੀਤਾ। ਇਸ ਸਮੇਂ ਅੱਖਾਂ ਦੇ ਡਾ: ਜੈਗ ਆਨੰਦ ਨੂੰ ਨੈਸ਼ਨਲ ਫਾਰਮਾਕੇਅਰ 'ਤੇ ਵਧੀਆ ਕੰਮ ਕਰਨ ਲਈ,ਪੰਜਾਬੀ ਪੱਤਰਕਾਰੀ ਦੇ ਖੇਤਰ ਦੀ ਜਾਣੀ ਪਹਿਚਾਣੀ ਸ਼ਖ਼ਸ਼ੀਅਤ,ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ਼ ਡਾਇਰੈਕਟਰ ਅਤੇ ਹੋਸਟ ਰਿਸ਼ੀ ਨਾਗਰ ਨੂੰ ਪੱਤਰਕਾਰੀ ਵਿੱਚ ਵਧੀਆ ਕੰਮ ਕਰਨ ਲਈ, ਰਾਣਾ ਸਤਵਤ ਅੱਤਾ ਅਤੇ ਸ਼੍ਰੀਮਤੀ ਸਰੋਜ ਖੁਣਖੁਣ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਵੱਡਮੁੱਲੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਗਲੋਬਲ ਪ੍ਰਵਾਸੀ ਸੀਨੀਅਰਜ਼ ਸੋਸਾਇਟੀ ਨੇ ਡਾ: ਦਰਸ਼ਨ ਸਿੰਘ ਬੱਲ ਨੂੰ ਉਨ੍ਹਾਂ ਦੇ ਸਮਾਜ ਸੇਵੀ ਯੋਗਦਾਨ ਬਦਲੇ ਸਨਮਾਨਿਤ ਕੀਤਾ। ਸਾਰੇ ਮੈਂਬਰਾਂ ਨੇ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਤਾੜੀਆਂ ਮਾਰ ਮਾਰਕੇ ਉਹਨਾਂ ਦੇ ਮਾਣ ਸਨਮਾਨ ਨੂੰ ਦੁੱਗਣਾ ਕਰ ਦਿੱਤਾ। ਚੋਟੀ ਦੀ ਗਾਇਕਾਂ ਪ੍ਰੀਆ, ਤੇਨਜਿੰਗ ਅਤੇ ਵਿਜੇ ਸਚਦੇਵਾ ਦੀ ਸਟੇਜ ਉਪਰੋਂ ਪੇਸ਼ਕਾਰੀ ਨੇ ਸਮਾਗਮ ਨੂੰ ਰੌਚਿਕ ਬਣਾ ਦਿੱਤਾ।ਤਕਰੀਬਨ ਸਾਰੀਆਂ ਹੀ ਸੀਨੀਅਰਜ਼ ਦੀਆਂ ਸੋਸਾਇਟੀਆਂ ਦੇ ਨੁਮਾਇੰਦਿਆਂ ਨੇ ਪਰਿਵਾਰਾਂ ਸਮੇਤ ਹਾਜਿਰੀ ਭਰੀ। ਰਾਜਨੀਤਕ ਖੇਤਰ ਵਿੱਚੋਂ ਐਮ ਐਲ ਏ ਪਰਮੀਤ ਸਿੰਘ ਬੋਪਾਰਾਇ,ਐਮ ਐਲ ਏ ਗੁਰਿੰਦਰ ਬਰਾੜ ਅਤੇ ਐਮ ਐਲ ਏ ਇਰਫਾਨ ਸਾਬਿਰ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜਿਰੀ ਭਰੀ। ਔਰਤਾਂ ਦੁਆਰਾ ਗੀਤ ਅਤੇ ਡਾਂਸ ਪੇਸ਼ ਕੀਤਾ ਗਿਆ। ਸੁਰਿੰਦਰ ਕਾਲੀਆ ਦਾ ਕੰਮ ਅਤੇ ਸਟੇਜ ਸਕੱਤਰ ਵੱਜੋਂ ਬਿੱਕਰ ਸਿੰਘ ਦੀ ਸੇਵਾ ਸ਼ਲਾਘਾਯੋਗ ਰਹੀ। ਇਹ ਸਮਾਗਮ ਯਾਦਗਾਰੀ ਹੋ ਨਿਬੜਿਆ, ਜਿਸ ਦੀ ਸਫਲਤਾ 'ਤੇ ਸੋਸਾਇਟੀ ਦੇ ਸਾਰੇ ਮੈਂਬਰ ਮਾਣ ਮਹਿਸੂਸ ਕਰਦੇ ਹਨ।

# ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰੋਗਰਾਮ ਦੌਰਾਨ ਕੈਲਗਰੀ ਵਿਖੇ ਲਾਇਬ੍ਰੇਰੀ ਦੀ ਸ਼ੁਰੂਆਤ ਕੀਤੀ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਬੀਤੇ ਦਿਨੀ ਤਰਕਸ਼ੀਲ ਸੁਸਾਇਟੀ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਪਰੋਗਰਾਮ ਕਰਵਾਇਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਕੈਲਗਰੀ ਵਾਸੀਆਂ ਨੇ ਹਾਜ਼ਿਰੀ ਭਰੀ। ਡਾਕਟਰ ਸੁਰਿੰਦਰ ਧੰਜਲ ਪ੍ਰੋਫੈਸਰ ਫਰੇਜਰ ਯੂਨੀਵਰਸਿਟੀ ਕੈਮਲੂਪਸ, ਉਹ ਇੱਥੇ ਬੁਲਾਰੇ ਦੇ ਰੂਪ ਵਿੱਚ ਆਏ ਹੋਏ ਸਨ। ਉਹਨਾਂ ਦੀਆਂ ਇੱਕ ਘੰਟੇ ਤੋਂ ਵੀ ਵੱਧ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਸਬੰਧੀ ਗੱਲਾਂ ਨੂੰ ਸਮਾਗਮ ਵਿੱਚ ਹਾਜਿਰ ਲੋਕਾਂ ਨੇ ਦਿਲੀਰੀਝ ਨਾਲ ਸੁਣਿਆ। ਇਸ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਲਾਇਬਰੇਰੀ ਕੈਲਗਰੀ ਵਿਖੇ ਦੇਸੀ ਬਜਾਰ ਵਾਲੇ ਪਲਾਜਾ ਵਿੱਚ ਖੋਲੀ ਗਈ ਹੈ ਦਾ ਵੀ ਰਸਮੀ ਉਦਘਾਟਨ ਕੀਤਾ ਗਿਆ। ਪੰਜਾਬੀ ਬੋਲੀ ਨਾਲ ਜੁੜੀਆਂ ਵੱਖ-ਵੱਖ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਨੇ ਵੀ ਇਸ ਸਮਾਗਮ ਦੇ ਵਿੱਚ ਆਪਣੀ ਹਾਜ਼ਰੀ ਭਰੀ। ਬੀਰਬਲ ਭਦੌੜ ਨੇ ਯਾਦੂ ਦੇ ਟਰਿੱਕਾਂ ਕਰਨ ਉਪਰੰਤ ਨਾਲ ਉਹਨਾਂ ਦੇ ਪਿਛੇ ਛੁਪੇ ਹੋਏ ਰਾਜ਼ ਵੀ ਉਜਾਗਰ ਕੀਤੇ। ਨੌਜਵਾਨ ਅਰਸ਼ ਮਾਨ ਨੇ ਮੰਚ ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕੀਤਾ। ਗੋਪਾਲ ਕਾਂਉਂਕੇ ਅਤੇ ਦਰਸਨ ਔਜਲਾ ਹੋਰਾਂ ਨੇ ਤਰਕਸੀਲ ਸੁਸਾਇਟੀ ਵਾਰੇ ਅਤੇ ਉਹਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਆਪਣੇ ਵਿਚਾਰ ਰੱਖੇ। ਨੌਜਵਾਨ ਬੱਚੇ ਬੱਚੀਆਂ ਨੇ ਆਪਣੀਆਂ ਤਰਕਪੂਰਨ ਰਚਨਾਵਾਂ ਪੇਸ਼ ਕੀਤੀਆਂ । ਵਿਗਿਆਨਿਕ ਸੋਚ ਨਾਲ ਸਬੰਧਿਤ ਮਾਸਟਰ ਭਜਨ ਸਿੰਘ ਗਿੱਲ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ । ਆਮ ਤੌਰ ਤੇ ਸਾਡੇ ਭਾਈਚਾਰੇ ਅੰਦਰ ਹੁੰਦੇ ਅਜਿਹੇ ਸਮਾਗਮਾਂ ਦੌਰਾਨ ਚਾਹ ਪਕੌੜਿਆਂ ਦੇ ਲੰਗਰ ਵੀ ਲਗਾਏ ਜਾਂਦੇ ਹਨ । ਚਲਦੇ ਪਰੋਗਰਾਮ ਦੌਰਾਨ ਵੀ ਹਾਲ ਅੰਦਰ ਆਏ ਦਰਸਕ ਸਰੋਤੇ ਖਾਣ ਪੀਣ ਵਿੱਚ ਹੀ ਰੁਝੇ ਰਹਿੰਦੇ ਹਨ ਪਰ ਇਸ ਸਮਾਗਮ ਦੌਰਾਨ ਸਿਰਫ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਹੀ ਸਨ ਜਿਸ ਕਾਰਣ ਲੋਕਾਂ ਦਾ ਧਿਆਨ ਸਟੇਜ ਵੱਲ ਇਕਾਗਰ ਰਿਹਾ । ਸਮਾਗਮ ਦੌਰਾਨ ਜੋਤਸੀਆਂ,ਤਾਂਤਰਿਕਾਂ ਅਤੇ ਹੋਰ ਵਹਿਮ ਭਰਮ ਫੈਲਾਉਣ ਵਾਲੇ ਡੇਰਾਵਾਦ ਨੂੰ ਚੈਲਿੰਜ ਕੀਤਾ ਗਿਆ ਕਿ ਉਹ ਗੈਬੀ ਸ਼ਕਤੀਆਂ ਨੂੰ ਸਾਬਿਤ ਕਰਕੇ ਤਰਕਸ਼ੀਲ ਸੁਸਾਇਟੀ ਕਨੇਡਾ ਵੱਲੋਂ ਰੱਖਿਆ ਇੱਕ ਲੱਖ ਡਾਲਰ ਦਾ ਇਨਾਮ ਜਿੱਤ ਸਕਦੇ ਹਨ।




## ਅਰਪਨ ਲਿਖਾਰੀ ਸਭਾ ਵੱਲੋਂ
## ਇਕਬਾਲ ਖ਼ਾਨ ਸ਼ਰਧਾਂਜਲੀ ਪ੍ਰੋਗਰਾਮ



**ਮਿਤੀ : 21 ਅਪ੍ਰੈਲ, 2024**
**ਸਮਾਂ: 1 ਵਜੇ ਦੁਪਹਿਰ**
**ਸਥਾਨ: ਟੈਂਪਲ ਕਮਿਉਨਟੀ ਹਾਲ**
**167 ਟੈਂਪਲ ਗਰੀਨ ਰੋਡ ਨੌਰਥ ਈਸਟ ਕੈਲਗਰੀ**

ਕੈਲਗਰੀ ਦੀਆਂ ਸਾਰੀਆਂ ਸਾਹਿਤਕ ਅਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਮਿਲ਼ ਕੇ ਆਪਣੇ ਵਿਛੜ ਗਏ ਸ਼ਾਇਰ, ਰਾਜਨੀਤਿਕ ਘੁਲਾਟੀਏ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਸਾਥੋਂ ਵਿਛੜ ਗਏ ਹਰਮਨ ਪਿਆਰੇ ਦੋਸਤ ਇਕਬਾਲ ਖਾਨ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਅਰਪਿਤ ਕਰੀਏ।

**ਜਾਰੀ ਕਰਤਾ, ਅਰਪਨ ਲਿਖਾਰੀ ਸਭਾ ਕੈਲਗਰੀ**

INDO-CANADIAN COMMUNITY ASSOCIATION
ICCA

## OPEN INVITATION

INDO - CANADIAN COMMUNITY ASSOCIATION CALGARY
PRESENTS

## THE ANNUAL INTER-ACTION MULTICULTURAL PROGRAM

ON APRIL 20, 2024 FROM 2PM -5PM
@
FALCONRIDGE/CASTLERIDGE COMMUNITY CENTRE
95 FALSHIRE DRIVE NE CALGARY

***PURPOSE: INTERACTION WITH OTHER COMMUNITIES, EXPERIENCE CULTURES, SOCIAL INCLUSION, RELEASE MENTAL STRESS AND ISOLATION***

*STAGE PERFOMANCE*
*BY*
*Bengali , Gujarati, Chinese, Nepalese, Hindi and Punjabi Groups*

**SNACKS WILL BE SERVED**

Office Number: 403-568-4342 | Cell : 403-809 8989

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 242 Website : www.punjabiakhbaar.ca Emaiĺ: editor@punjabiakhbaar.ca Friday, 19 April 2024

# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਮੌਕੇ ਭੇਜੇ ਵਧਾਈ ਸੰਦੇਸ਼ ਵਿੱਚ ਆਖਿਆ ਹੈ ਕਿ "ਅੱਜ, ਕੈਨੇਡਾ ਅਤੇ ਦੁਨੀਆ ਭਰ ਦੇ ਸਿੱਖ, ਸਿੱਖ ਕੈਲੰਡਰ ਦੇ ਸਭ ਤੋਂ ਪਵਿੱਤਰ ਦਿਹਾੜਿਆਂ ਵਿੱਚੋਂ ਇੱਕ ਵਿਸਾਖੀ ਮਨਾਉਣ ਲਈ ਇਕੱਠੇ ਹੋਣਗੇ। "ਵਿਸਾਖੀ ਖਾਲਸੇ ਦੀ ਸਿਰਜਣਾ ਦੀ ਯਾਦ ਦਿਵਾਉਂਦੀ ਹੈ ਅਤੇ ਫਸਲਾਂ ਦੀ ਵਾਢੀ ਦੇ ਤਿਉਹਾਰ ਦਾ ਜਸ਼ਨ ਵੀ ਹੈ। ਇਹ ਪ੍ਰਤੀਬਿੰਬ, ਧੰਨਵਾਦ ਅਤੇ ਨਵੀਨੀਕਰਨ ਦਾ ਸਮਾਂ ਹੈ, ਏਕਤਾ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਅੱਜ, 13 ਅਪ੍ਰੈਲ 2024 ਦੇ ਦਿਨ ਸਿੱਖ ਆਪਣੇ ਸਥਾਨਕ ਗੁਰਦੁਆਰਿਆਂ ਵਿੱਚ ਇਕੱਠੇ ਹੋਣਗੇ, ਨਗਰ ਕੀਰਤਨਾਂ ਵਿੱਚ ਹਿੱਸਾ ਲੈਣਗੇ, ਅਤੇ ਆਪਣੀ ਅਮੀਰ ਵਿਭਿੰਨਤਾ ਅਤੇ ਵਿਰਾਸਤ ਦਾ ਜਸ਼ਨ ਮਨਾਉਣਗੇ। "ਜਿਵੇਂ ਕਿ ਕੈਨੇਡਾ ਇਸ ਅਪ੍ਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਦਾ ਆਪਣਾ ਪੰਜਵਾਂ ਸਾਲਾਨਾ ਜਸ਼ਨ ਮਨਾ ਰਿਹਾ ਹੈ, ਵਿਸਾਖੀ ਸਾਡੇ ਸਾਰਿਆਂ ਲਈ ਸਿੱਖ ਧਰਮ ਦੇ ਕੈਨੇਡੀਅਨਾਂ ਦੁਆਰਾ ਸਾਡੇ ਭਾਈਚਾਰਿਆਂ ਲਈ ਪਾਏ ਗਏ ਅਣਮੁੱਲੇ ਅਤੇ ਨਿਰੰਤਰ ਯੋਗਦਾਨ ਨੂੰ ਪਛਾਣਨ ਦਾ ਇੱਕ ਹੋਰ ਮੌਕਾ ਪ੍ਰਦਾਨ ਕਰਦਾ ਹੈ। ਇਹ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੇ ਨਿਰਸਵਾਰਥ ਸੇਵਾ – ਜਾਂ ਸੇਵਾ – ਦੇ ਅਣਗਿਣਤ ਕਾਰਜਾਂ ਵਿੱਚ ਸਪੱਸ਼ਟ ਹੈ ਜੋ ਉਨ੍ਹਾਂ ਦੇ ਵਿਸ਼ਵਾਸ ਦੇ ਦਿਲ ਵਿੱਚ ਉਦਾਰਤਾ ਅਤੇ ਹਮਦਰਦੀ ਦੇ ਮੁੱਲਾਂ ਦੀ ਮਿਸਾਲ ਦਿੰਦੇ ਹਨ ਅਤੇ ਸਾਨੂੰ ਬਿਹਤਰ ਬਣਨ ਲਈ ਉਤਸ਼ਾਹਿਤ ਕਰਦੇ ਹਨ।

"ਕੈਨੇਡਾ ਸਰਕਾਰ ਦੀ ਤਰਫੋਂ, ਮੈਂ ਅੱਜ ਵਿਸਾਖੀ ਮਨਾ ਰਹੇ ਹਰ ਕਿਸੇ ਨੂੰ ਖੁਸ਼ੀ ਅਤੇ ਮੁਬਾਰਕਾਂ ਭਰੀ ਵਿਸਾਖੀ ਦੀ ਕਾਮਨਾ ਕਰਦਾ ਹਾਂ।

"ਵਿਸਾਖੀ ਦੀਆਂ ਲੱਖ ਲੱਖ ਵਧਾਈਆਂ"

## 'ਅਮਰੀਕਾ 'ਚ 11 ਭਾਰਤੀ ਵਿਦਿਆਰਥੀਆਂ ਦੀ ਮੌਤ ਚਿੰਤਾ ਦਾ ਵਿਸ਼ਾ ਪਰ ਇਹ ਨਫ਼ਰਤੀ ਅਪਰਾਧ ਨਹੀਂ'

ਵਾਸ਼ਿੰਗਟਨ(ਪੰਜਾਬੀ ਅਖਬਾਰ ਬਿਊਰੋ)– ਅਮਰੀਕਾ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕਰ ਰਿਹਾ ਹੈ। ਪ੍ਰਮੁੱਖ ਭਾਰਤੀ–ਅਮਰੀਕੀ ਸਿੱਖਿਆ ਸ਼ਾਸਤਰੀ ਨੇ ਇਸ ਸਾਲ ਭਾਰਤੀ ਮੂਲ ਦੇ 11 ਵਿਦਿਆਰਥੀਆਂ ਦੀ ਮੌਤ ਜਾਂ ਇਸ ਸਾਲ ਭਾਰਤ ਤੋਂ ਆਉਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਇਹ ਗੱਲ ਕਹੀ। ਅਮਰੀਕਾ 'ਚ ਭਾਰਤੀਆਂ 'ਤੇ ਹਮਲਿਆਂ ਦੀਆਂ ਘਟਨਾਵਾਂ ਨੇ ਭਾਰਤੀ ਭਾਈਚਾਰੇ ਅਤੇ ਭਾਰਤ 'ਚ ਰਹਿ ਰਹੇ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਅਮਰੀਕਾ ਵਿੱਚ ਹੋਈਆਂ ਇਨ੍ਹਾਂ ਮੌਤਾਂ ਪਿੱਛੇ ਹਮਲਾਵਰਾਂ ਦੇ ਮਕਸਦ ਦਾ ਪਤਾ ਨਹੀਂ ਲੱਗਿਆ ਅਤੇ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਨੇ ਵਿਦਿਆਰਥੀਆਂ ਨਾਲ ਸੰਪਰਕ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਵਰਜੀਨੀਆ ਦੀ ਜਾਰਜ ਮੇਸਨ ਯੂਨੀਵਰਸਿਟੀ ਦੇ ਸਕੂਲ ਆਫ਼ ਕੰਪਿਊਟਿੰਗ ਦੇ ਡਿਵੀਜ਼ਨਲ ਡੀਨ ਗੁਰਦੀਪ ਸਿੰਘ ਨੇ ਕਿਹਾ, 'ਇਹ ਮੰਦਭਾਗਾ ਹੈ ਕਿ ਇਸ ਸਾਲ ਅਜਿਹੀਆਂ ਘਟਨਾਵਾਂ ਵਾਪਰੀਆਂ। ਇਸ ਲਈ ਮਾਪਿਆਂ ਦਾ ਚਿੰਤਤ ਹੋਣਾ ਸੁਭਾਵਿਕ ਹੈ ਪਰ ਮੈਨੂੰ ਇਹ ਨਫਰਤੀ ਅਪਰਾਧ ਨਹੀਂ ਲੱਗਦੇ। ਇਸ ਲਈ ਭਾਰਤੀ ਵਿਦਿਆਰਥੀਆਂ ਨੂੰ ਹੋਰ ਵੱਧ ਚੌਕਸ ਹੋਣ ਦੀ ਲੋੜ ਹੈ।'

## ਹੁਣ ਕਨੇਡਾ ਦੀ ਫੈਡਰਲ ਸਰਕਾਰ ਜਾਅਲੀ ਮਾਰਗੇਜ਼ਾਂ 'ਤੇ ਸਿਕੰਜਾ ਕੱਸਣ ਦੀ ਤਿਆਰੀ ਵਿੱਚ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੀ ਲਿਬਰਲ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਹੁਣ ਉਨ੍ਹਾਂ ਲੋਕਾਂ 'ਤੇ ਸਿਕੰਜਾ ਕੱਸਣ ਜਾ ਰਹੀ ਹੈ ਜੋ ਕੈਨੇਡਾ ਰੈਵੇਨਿਊ ਨੂੰ ਤਾਂ ਆਪਣੀ ਘੱਟ ਆਮਦਨ ਦਿਖਾਕੇ ਟੈਕਸ ਬਚਾ ਲੈਂਦੇ ਹਨ ਪਰ ਘਰਾਂ ਦੀ ਮਾਰਗੇਜ਼ ਪਾਸ ਕਰਵਾਉਣ ਲਈ ਮਾਰਗੇਜ਼ ਬਰੋਕਰਾਂ ਰਾਹੀਂ ਜਾਅਲੀ ਦਸਤਾਵੇਜ਼ ਪੇਸ਼ ਕਰਦੇ ਹਨ । ਇਸ ਗਲਤ ਰੁਝਾਨ ਨੂੰ ਰੋਕਣ ਲਈ ਸਰਕਾਰ ਹੁਣ ਕੈਨੇਡਾ ਰੈਵੇਨਿਊ ਦੇ ਸਹਿਯੋਗ ਨਾਲ ਮਾਰਗੇਜ਼ ਪ੍ਰਦਾਨ ਕਰਨ ਵਾਲੇ ਲੈਡਰਾਂ ਜਾਂ ਵਿਤੀ ਸੰਸਥਾਵਾਂ ਲਈ ਇੱਕ ਅਜਿਹਾ ਸੀ ਆਰ ਏ ਟੂਲ ਜਾਰੀ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਰਾਹੀਂ ਬਿਨੈਕਾਰ ਦੀ ਆਮਦਨ ਦੀ ਪੜਤਾਲ ਕੈਨੇਡਾ ਰੈਵੇਨਿਊ ਕੋਲੋਂ ਸਿੱਧੇ ਤੌਰ 'ਤੇ ਕੀਤੀ ਜਾ ਸਕੇਗੀ ਅਤੇ ਇਸ ਪ੍ਰਕਿਰਿਆ 'ਚ ਮਾਰਗੇਜ਼ ਏਜੰਟ ਜਾਂ ਬਿਨੈਕਾਰ ਦੀ ਕੋਈ ਦਖਲਅੰਦਾਜ਼ੀ ਨਹੀਂ ਰਹਿ ਜਾਵੇਗੀ ।ਸੂਤਰਾਂ ਅਨੁਸਾਰ ਅਜਿਹਾ ਫੈਸਲਾ ਫੈਡਰਲ ਸਰਕਾਰ ਇਸ ਲਈ ਲੈਣ ਜਾ ਰਹੀ ਹੈ ਕਿਉਂਕਿ ਕੈਨੇਡਾ ਮਾਰਗੇਜ਼ ਹਾਊਸਿੰਗ ਕਾਰਪੋਰੇਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਪਹਿਲੀ ਵਾਰ ਨਵੇਂ ਘਰਾਂ ਦੇ ਖਰੀਦਦਾਰਾਂ ਨੂੰ 30 ਸਾਲ ਦੀ ਮਾਰਗੇਜ਼ ਅਦਾ ਕਰਨ ਦਾ ਕੁੱਲ ਸਮਾਂ 30 ਸਾਲ ਕਰ ਦਿੰਦੀ ਹੈ ਤਾਂ ਇਸ ਨਾਲ ਘਰਾਂ ਦੀਆਂ ਕੀਮਤਾਂ 'ਚ ਇੱਕਦਮ ਉਛਾਲ ਆ ਸਕਦਾ ਹੈ । ਵਰਨਣਯੋਗ ਹੈ ਕਿ ਲਿਬਰਲ ਸਰਕਾਰ ਨੇ ਹਾਲ 'ਚ ਪਹਿਲੀ ਵਾਰ ਨਵਾਂ ਘਰ ਲੈਣ ਵਾਲੇ ਉਨ੍ਹਾਂ ਖਰੀਦਦਾਰਾਂ ਨੂੰ ਵੀ 30 ਸਾਲ ਦੀ ਮਾਰਗੇਜ਼ ਟਰਮ ਦੇਣ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਕੋਲ 20 ਫੀਸਦੀ ਪੇਸ਼ਗੀ ਰਕਮ ਦੇਣ ਲਈ ਨਹੀਂ ਹੈ । ਦੂਜੇ ਪਾਸੇ ਰਜਿਸਟਰਡ ਸੇਵਾਮੁਕਤ ਯੋਜਨਾ ਆਰ ਆਰ ਐਸ ਪੀ ਫੰਡਾਂ ਵਿੱਚੋਂ ਘਰ ਲੈਣ ਲਈ ਪੈਸੇ ਕਢਵਾਉਣ ਦੀ ਸੀਮਾਂ 35,000 ਤੋਂ 60,000 ਤੱਕ ਵਧਾ ਦਿੱਤੀ ਗਈ ਹੈ।










































## ਕਨੇਡਾ ਦੀ ਪਾਰਲੀਮੈਂਟ ਵਿੱਚ ਸਿੱਖ ਵਿਰਾਸਤੀ ਮਹੀਨਾ ਮਨਾਉਂਦਿਆਂ ਖਾਲਸਾ ਸਾਜਨਾ ਦਿਵਸ ਮਨਾਇਆ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨੇ ਦੇ ਸਬੰਧ ਵਿਚ ਪਾਰਲੀਮੈਂਟ ਹਿੱਲ ਔਟਵਾ ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਪਾਰਲੀਮੈਂਟ ਬਿਲਡਿੰਗ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਮਾਣਯੋਗ ਪ੍ਰਧਾਨ ਮੰਤਰੀ ਜਸ਼ਟਿਨ ਟਰੂਡੋ ਅਤੇ ਕੈਨੇਡਾ ਸਰਕਾਰ ਦੇ ਸੀਨੀਅਰ ਮੰਤਰੀ,ਸ: ਹਰਜੀਤ ਸਿੰਘ ਸੱਜਣ,ਸਿੱਖ ਐਮ ਪੀ ਸੁਖ ਧਾਲੀਵਾਲ,ਕੈਲਗਰੀ ਤੋਂ ਜਾਰਜ ਚਾਹਲ ਅਤੇ ਹੋਰ ਉੱਘੀਆਂ ਹਸਤੀਆਂ ਹਾਜ਼ਰ ਸਨ। ਟੋਰਾਂਟੋ ਤੋ ਬਲਜਿੰਦਰ ਸੇਖਾ ਵੱਲੋਂ ਤਿਆਰ ਕੀਤਾ ਸਿੱਖ ਹੈਰੀਟੇਜ ਮੰਥ ਬਟਨ ਸੰਗਤਾਂ ਵੱਲੋਂ ਲਗਾਇਆ ਗਿਆ ।ਇਸ ਮੌਕੇ ਮਾਣਯੋਗ ਪ੍ਰਧਾਨ ਮੰਤਰੀਜਸਟਿਨ ਟਰੂਡੋ ਨੇ ਇੱਕ ਸੰਦੇਸ਼ ਰਾਹੀਂ ਸਿੱਖ ਜਗਤ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ।

## ਅਲਬਰਟਾ ਟੀਚਰ ਐਸੋਸੀਏਸ਼ਨ ਸਕੂਲਾਂ ਦੇ ਵਿਦਿਆਰਥੀਆਂ ਦੀ ਮਾੜੀ ਮਾਨਸਿਕ ਹਾਲਤ ਤੋਂ ਚਿੰਤਤ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਟੀਚਰ ਐਸੋਸੀਏਸ਼ਨ ਨੇ ਸਕੂਲਾਂ ਦੇ ਵਿੱਚ ਵੱਧ ਰਹੀ ਹਮਲਾਵਰਤਾ ਤੇ ਅਲਾਰਮ ਵਜਾਇਆ ਹੈ ਅਤੇ ਏਟੀਏ ਦਸੰਬਰ ਦੇ ਸਰਵੇਖਣ ਦੇ ਪੂਰੇ ਨਤੀਜੇ ਜਾਰੀ ਕਰ ਰਿਹਾ ਹੈ। ਜਿੱਥੇ ਕਿ ਉਸ ਨੇ ਆਪਣੇ ਮੈਂਬਰਾਂ ਨੂੰ ਕਲਾਸ ਰੂਮ ਦੇ ਵਿੱਚ ਚੁਣੌਤੀਆਂ ਬਾਰੇ ਪੁੱਛਿਆ ਗਿਆ ਸੀ। ਏਟੀਏ ਦੇ ਪ੍ਰੈਜੀਡੈਂਟ ਨੇ ਪ੍ਰੈਸ ਕਾਨਫਰੰਸ ਦੇ ਵਿੱਚ ਸਰਵੇਖਣ ਦੇ ਨਤੀਜਿਆਂ ਤੇ ਸੰਗਠਨ ਨੂੰ ਕੀ ਕੁਝ ਬਦਲਣਾ ਚਾਹੀਦਾ ਹੈ ਇਸ ਬਾਰੇ ਅਪਡੇਟ ਜਾਰੀ ਕੀਤੀ। ਸਰਵੇਖਣ ਤੋਂ ਆਉਣ ਵਾਲੇ ਸਭ ਤੋਂ ਮਹੱਤਵਪੂਰਨ ਵਿਸ਼ਿਆਂ ਦੇ ਵਿੱਚ ਇੱਕ ਐਗਰੈਸ਼ਨ ਵਿੱਚ ਵਾਧਾ ਵੀ ਸੀ ਹ ਤੇ ਸ਼ੁਰੂਆਤੀ ਅੰਕੜੇ ਦਰਸਾਉਂਦੇ ਹਨ ਕਿ ਅੱਧੇ ਅਧਿਆਪਕ ਅਤੇ ਤਿੰਨ ਚੌਥਾਈ ਸਕੂਲ ਲੀਡਰ ਅਗਰੈਸਿਵ ਦਾ ਸਾਹਮਣਾ ਕਰਨ ਦੀ ਰਿਪੋਰਟ ਕਰਦੇ ਨੇ ਦੱਸਦੇ ਕਿ ਲਗਭਗ 75 ਅਗਰੈਸ਼ਨ ਵਿਦਿਆਰਥੀਆਂ ਤੋਂ ਦੱਸੀ ਗਈ ਹੈ ਜਦੋਂ ਕਿ ਇਸ ਦੇ ਵਿੱਚ 11% ਮਾਪਿਆਂ ਦਾ ਵੀ ਹਿੱਸਾ ਹੈ ਅੰਤਿਮ 14 ਪੁਰਸ਼ ਅਤੇ ਸੰਯੁਕਤ ਹੋਰ ਸ਼ਰੇਣੀ ਤੋਂ ਸਾਂਝੀ ਜਿਸ ਵਿੱਚ ਕਿ ਭਾਈਚਾਰੇ ਦੇ ਮੈਂਬਰ ਅਤੇ ਹੋਰ ਕਰਮਚਾਰੀ ਵੀ ਸ਼ਾਮਿਲ ਹਨ। ਸਰਵੇਖਣ ਦੇ ਵਿੱਚ ਇਹ ਵੀ ਪਾਇਆ ਗਿਆ ਹੈ ਕਿ ਅਗਰੈਸ਼ਨ ਸਿਰਫ ਅਧਿਆਪਕਾਂ ਤੇ ਹੀ ਨਹੀਂ ਹੈ ਸਗੋਂ 75% ਅਧਿਆਪਕਾਂ ਨੇ ਇਸ ਸਾਲ ਵਿਦਿਆਰਥੀਆਂ ਨੂੰ ਨਫਰਤ ਭਰੀਆਂ ਅਤੇ ਇਸ ਦੇ ਨਾਲ ਹੀ ਅਪਮਾਨਜਨਕ ਟਿੱਪਣੀਆਂ ਸੁਣਨ ਦੀ ਵੀ ਰਿਪੋਰਟ ਕੀਤੀ ਗਈ।

## ਯੰਗਸਿਤਾਨ ਪੰਜਾਬੀ ਕਲਾਸ ਦੇ ਬੱਚਿਆਂ ਨੇ ਕੈਲਗਰੀ ਵਿੱਚ ਵਿਸਾਖੀ ਮਨਾਈ





ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਯੰਗਸਿਤਾਨ ਪੰਜਾਬੀ ਕਲਾਸ ਦੇ ਬੱਚਿਆਂ ਵੱਲੋਂ 14 ਅਪਰੈਲ ਦਿਨ ਐਤਵਾਰ ਨੂੰ ਜੈਨਸਿਸ ਸੈਂਟਰ ਵਿੱਚ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ।ਬੱਚੇ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਕਲਾਸ ਵਿੱਚ ਆਏ।ਨਿੱਕੇ-ਨਿੱਕੇ ਬੱਚੇ ਕੁੜਤੇ-ਪਜਾਮਿਆਂ ਤੇ ਸੂਟਾਂ ਵਿੱਚ ਬਹੁਤ ਹੀ ਸੋਹਣੇ ਲਗ ਰਹੇ ਸਨ। ਅਧਿਆਪਕਾਂ ਵੱਲੋਂ ਇਸ ਮੌਕੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਸੱਭਿਆਚਾਰਕ ਤੇ ਇਤਿਹਾਸਿਕ ਮਹੱਤਤਾ ਬਾਰੇ ਦੱਸਿਆ ਗਿਆ।ਬੱਚਿਆਂ ਨੇ ਵਿਸਾਖੀ ਮੌਕੇ ਫਸਲਾਂ ਦੇ ਪੱਕਣ ਦੀ ਖੁਸ਼ੀ ਤੋਂ ਇਲਾਵਾ 1699 ਦੀ ਵਿਸਾਖੀ ਤੇ 1919 ਦੀ ਜੱਲਿਆਂ ਵਾਲੇ ਬਾਗ ਦੁਖਦਾਈ ਘਟਨਾ ਦੀ ਵਿਸਾਖੀ ਦੇ ਇਤਿਹਾਸ ਨੂੰ ਸੁਣਿਆ ਤੇ ਸਵਾਲ-ਜਵਾਬ ਸ਼ੈਸ਼ਨ ਵਿੱਚ ਭਾਗ ਲਿਆ।ਇਸ ਮੌਕੇ ਬੱਚਿਆਂ ਨੇ ਵਿਸਾਖੀ ਨਾਲ਼ ਸੰਬੰਧਿਤ ਕਵਿਤਾਵਾਂ ਤੇ ਗੀਤ ਪੇਸ਼ ਕਰਕੇ ਮਾਹੌਲ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗ ਦਿੱਤਾ।ਅਖ਼ੀਰ ਵਿੱਚ ਬੱਚਿਆਂ ਨੇ ਮਠਿਆਈਆਂ ਦਾ ਆਨੰਦ ਮਾਨਿਆ। ਦੱਸਣਯੋਗ ਹੈ ਕਿ ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਵਲੋਂ ਜੈਨਸਿਸ ਸੈਂਟਰ ਵਿੱਚ ਹਰ ਐਤਵਾਰ ਪੰਜਾਬੀ ਪੜ੍ਹਾਈ ਜਾਂਦੀ ਹੈ।ਇਸ ਮੌਕੇ ਵਿੱਚ ਕਲਾਸ ਵਿੱਚ 50 ਦੇ ਕਰੀਬ ਬੱਚੇ ਹਨ।ਇਸ ਕਲਾਸ ਬਾਰੇ ਹੋਣ ਜਾਣਕਾਰੀ ਫੋਨ ਨੰਬਰ 403-402-0770 ਰਾਹੀਂ ਲਈ ਜਾ ਸਕਦੀ ਹੈ।
















# ਜਦੋਂ ਗੁਰੂ ਨਾਨਕ ਨੇ ਦੁਨਿਆਵੀ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਖ਼ਾਲਸਾ ਸੱਭਿਆਚਾਰ ਉਦੋਂ ਹੀ ਸ਼ੁਰੂ ਹੋ ਗਿਆ ਸੀ - ਰੁਪਾਲ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੋਸੋ ਹਾਲ ਵਿੱਚ ਕੈਲਗਰੀ ਲੇਖਕ ਸਭਾ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ, ਵਿਸਾਖੀ ਦਿਹਾੜੇ ਨੂੰ ਸਮਰਪਤ ਰਹੀ।ਸਕੱਤਰ ਗੁਰਚਰਨ ਥਿੰਦ ਨੇ ਪੰਜਾਬ ਦੀ ਧਰਤੀ ਉਪਰ ਸਾਢੇ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਵਲੋਂ ਮੌਜੂਦਾ ਸਮਾਜਿਕ ਤੇ ਰਾਜਨੀਤਕ ਪ੍ਰਸਥਿਤੀਆਂ ਦੇ ਵਿਰੋਧ ਕਰਨ ਅਤੇ ਮੌਜੂਦਾ ਸਤ੍ਹਾ ਵਿਰੁੱਧ ਅਵਾਜ਼ ਬੁਲੰਦ ਕਰਨ ਦੇ ਇਤਿਹਾਸਕ ਪਿਛੋਕੜ ਦਾ ਵਰਨਣ ਕਰਦੇ ਹੋਏ ਵਿਚਾਰ ਚਰਚਾ ਸ਼ੁਰੂ ਕੀਤੀ। ਬਲਵਿੰਦਰ ਬਰਾੜ ਜੀ ਨੇ ਕਿਹਾ ਕਿ ਜਦੋਂ ਸਮਾਜ ਵਿੱਚ ਤਬਦੀਲੀ ਜਾਂ ਕ੍ਰਾਂਤੀ ਦੀ ਲੋੜ ਹੁੰਦੀ ਹੈ ਤਾਂ ਹੇਠਲੇ ਵਰਗ ਕੋਲ ਹਿੰਮਤ ਨਹੀਂ ਹੁੰਦੀ, ਮਧਿਅਮ ਵਰਗ ਕੋਲ ਫ਼ੁਰਸਤ ਨਹੀਂ ਹੁੰਦੀ ਅਤੇ ਉਪਰਲੇ ਵਰਗ ਨੂੰ ਲੋੜ ਨਹੀਂ ਹੁੰਦੀ, ਤਾਂ ਉਸ ਵੇਲੇ ਹਲੂਣਾ ਦੇਣ ਲਈ ਕੋਈ ਜੁੱਗ-ਪੁਰਸ਼ ਉੱਠਦਾ ਹੈ।ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਅਸਲ ਵਿੱਚ ਖਾਲਸਾ ਪੰਥ ਦੀ ਸਾਜਨਾ ਸੰਨ 1699 ਦੇ ਵਿਸਾਖ ਮਹੀਨੇ ਗੁਰੂ ਨਾਨਕ ਦੇ ਜੀ ਦੇ ਅਸਲ ਜਨਮ ਦਿਹਾੜੇ ਵਾਲੇ ਦਿਨ ਕੀਤੀ ਗਈ ਸੀ ਜਿਸ ਦਾ ਅਧਾਰ 'ਮਨ ਨੀਵਾਂ ਤੋਂ ਸ਼ੁਰੂ ਹੋ 'ਮੱਤ ਉੱਚੀ' ਤੇ ਖਤਮ ਹੁੰਦਾ ਹੈ। ਜਸਵਿੰਦਰ ਸਿੰਘ ਰੁਪਾਲ ਨੇ ਕਿਹਾ ਕਿ ਖਾਲਸਾ ਸੱਭਿਆਚਾਰ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਗੁਰੂ ਨਾਨਕ ਨੇ ਦੁਨਿਆਵੀ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ।ਜਸਵੀਰ ਸਿਹੋਤਾ ਜੀ ਨੇ ਇਸ ਭਖਵੀਂ ਵਿਚਾਰ-ਚਰਚਾ ਨੂੰ ਅੱਗੇ ਤੋਰਦੇ ਕਿਹਾ ਕਿ ਅੱਜ ਹਾਜ਼ਰ ਮੈਂਬਰਾਂ ਦੀ ਗਿਣਤੀ ਘੱਟ ਹੈ, ਅਜਿਹੀਆਂ ਵਿਚਾਰ ਚਰਚਾਵਾਂ ਬਹੁਤ ਵੱਡੇ ਪਲੈਟਫਾਰਮ ਤੇ ਹੋਣੀਆਂ ਚਾਹੀਦੀਆਂ ਹਨ।ਜਸਵੰਤ ਸਿੰਘ ਕਪੂਰ ਜੀ ਨੇ ਪਰਿਵਾਰ ਦੇ ਵੱਡੇ ਪੁੱਤਰ ਨੂੰ ਸਿੱਖ ਬਣਾਉਣ ਵਾਲੀ ਸਿੱਖੀ ਰੀਤ ਦਾ ਆਪਣੇ ਪਰਿਵਾਰ ਵਿੱਚ ਵਾਪਰੇ ਹੋਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਨ ਚੁਰਾਸੀ ਦੇ ਘੱਲੂਘਾਰੇ ਨੇ ਸਾਡੇ ਇਸ ਸਾਂਝੇ ਸਭਿਆਚਾਰ ਨੂੰ ਸਿਆਸੀ ਮਾਰ ਮਾਰੀ ਅਤੇ ਭਰਾ ਨੂੰ ਭਰਾ ਨਾਲੋਂ ਵੱਖ ਕਰਨ ਦਾ ਕੋਝਾ ਯਤਨ ਕੀਤਾ ਹੈ।

ਰਿਟਾਇਰਡ ਪ੍ਰਿੰਸੀਪਲ ਸ੍ਰ: ਬਲਦੇਵ ਸਿੰਘ ਦੁੱਲਟ ਜੀ ਨੇ ਕਿਹਾ ਕਿ ਉਹ ਪੜ੍ਹਦੇ ਸਮੇਂ ਅਤੇ ਬਾਦ ਵਿੱਚ ਆਪਣੇ ਅਧਿਆਪਨ ਕਾਲ ਵਿੱਚ ਵੀ ਲੋੜਵੰਦ ਵਿਦਿਆਰਥੀਆਂ ਦੀ ਮੱਦਦ ਆਪਣਾ ਕਰਮ ਤੇ ਧਰਮ ਸਮਝ ਕੇ ਕਰਦੇ ਰਹੇ ਹਨ। ਡਾਕਟਰ ਜੋਗਾ ਸਿੰਘ ਜੀ ਨੇ ਆਪਣੇ ਸੁਰੀਲੀ ਅਵਾਜ਼ ਵਿੱਚ ਗੀਤ ਅਤੇ ਗ਼ਜ਼ਲ ਪੇਸ਼ ਕੀਤੇ। ਸਰਬਜੀਤ ਉੱਪਲ ਨੇ ਅਜੋਕੀ ਸਮੱਸਿਆ ਮਹਿੰਗਾਈ ਤੇ ਆਪਣੀ ਰਚਨਾ ਸੁਣਾਈ। ਸੁਖਵਿੰਦਰ ਸਿੰਘ ਤੂਰ ਜੀ ਨੇ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਦੁਆਰਾ ਰਚਿਤ ਗੀਤ ਆਪਣੀ ਮਿੱਠੀ ਅਵਾਜ਼ ਵਿੱਚ ਗਾਇਆ।ਅੰਤ ਵਿੱਚ ਗੁਰਚਰਨ ਥਿੰਦ ਨੇ ਅੱਜ ਦੀ ਵਿਚਾਰ ਚਰਚਾ ਨੂੰ ਇਸ ਟਿੱਪਣੀ ਨਾਲ ਸਮਾਪਤ ਕੀਤਾ ਕਿ 'ਇਹ ਵਿਲੱਖਣ ਸਭਿਆਚਾਰ ਦੱਬੇ ਕੁਚਲੇ ਲੋਕਾਂ ਦਾ ਭੇਡਾਂ ਵਾਂਗ ਹਿੱਕੇ ਜਾਣ ਵਾਲਾ ਨਹੀਂ ਬਲਕਿ ਉਨ੍ਹਾਂ ਨੂੰ ਲਾਮਬੰਦ ਕਰ ਨਿੱਜੀ ਤੇ ਸਮਾਜਿਕ ਅਜ਼ਾਦੀ ਅਤੇ ਹੱਕਾਂ ਲਈ ਸਤ੍ਹਾ ਦੇ ਵਿਰੋਧ ਵਿੱਚ ਖੜਾ ਹੋਣ ਦਾ ਹੋਕਾ ਦੇਣ ਵਾਲਾ ਹੈ।

# ਹੁਣ ਅਲਬਰਟਾ ਸੂਬੇ ਨੂੰ ਵੀ ਮਿਨੀਮਮ ਵੇਜਜ਼ ਵਧਾ ਦੇਣੇ ਚਾਹੀਦੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੋਰਨਾਂ ਸੂਬਿਆਂ ਦੀ ਰੀਸ ਕਰਦਿਆਂ ਅਲਬਰਟਾ ਵਾਸੀ ਵੀ ਹੁਣ ਮਿਨੀਮਮ ਵੇਜਜ਼ ਵਿੱਚ ਵਾਧੇ ਦੀ ਮੰਗ ਰੱਖਦੇ ਹਨ। ਵਰਨਣਯੋਗ ਹੈ ਕਿ ਅਲਬਰਟਾ ਨੇ ਸਾਲ 2018 ਵਿੱਚ ਸੂਬੇ ਵਿੱਚ ਮਿਨੀਮਮ ਵੇਜ ਵਧਾ ਕੇ 15 ਡਾਲਰ ਪ੍ਰਤੀ ਘੰਟਾ ਕੀਤੀ ਸੀ ਉਦੋਂ ਇਹ ਕੈਨੇਡਾ ਵਿੱਚ ਸਭ ਤੋਂ ਵੱਧ ਰੇਟ ਸੀ। ਪਰ ਕਰੀਬ ਛੇ ਸਾਲ ਬੀਤਣ ਅਤੇ ਮਾਹਮਾਰੀ ਹੰਢਾਉਣ ਤੋਂ ਬਾਅਦ ਵੀ ਅਲਬਰਟਾ ਦੀ ਮਿਨੀਮਮ ਵੇਜ ਵਿੱਚ ਵਾਧਾ ਨਹੀਂ ਹੋਇਆ ਹੈ। ਜਦਕਿ ਅਲਬਰਟਾ ਵਾਸੀ ਕਨੇਡਾ ਵਿੱਚ ਸਭ ਤੋਂ ਉਚੀ ਮਹਿੰਗਾਈ ਦਰ ਦਾ ਸਾਹਮਣਾ ਕਰ ਰਹੇ ਹਨ। ਜ਼ਿਆਦਾਤਰ ਸੂਬਿਆਂ ਤੇ ਪ੍ਰਦੇਸ਼ਾਂ ਨੇ ਇਸ ਸਾਲ ਮਿਨੀਮਮ ਵੇਜ ਵਿੱਚ ਵਾਧਾ ਕਰਨਾ ਹੈ ਅਤੇ ਕੁਝ ਨੇ ਲੰਘੇ ਸਾਲ ਵੇਜਾਂ ਵਿੱਚ ਵਾਧਾ ਕੀਤਾ ਵੀ ਹੈ। ਜਿਸ ਦਾ ਮਤਲਬ ਹੈ ਕਿ ਕੈਨੇਡਾ ਦੇ ਸਭ ਤੋਂ ਅਮੀਰ ਸੂਬਿਆਂ ਵਿੱਚੋਂ ਇੱਕ ਅਲਬਰਟਾ ਇਸ ਨੁਕਤੇ ਤੇ ਪਿਛੜ ਰਿਹਾ ਹੈ। ਅਲਬਰਟਾ ਹੁਣ ਦੇਸ਼ ਵਿੱਚ ਦੂਸਰਾ ਸਭ ਤੋਂ ਘੱਟ ਮਿਨੀਮਮ ਵੇਜ ਵਾਲਾ ਸੂਬਾ ਹੈ। ਸੈਸਕੈਚੂਵਾਨ 14 ਡਾਲਰ ਪ੍ਰਤੀ ਘੰਟਾ ਹੈ ਤੇ ਸਭ ਤੋਂ ਹੇਠਲੇ ਪੱਧਰ ਤੇ ਹੈ। ਓਂਟੈਰੀਓ ਵੱਲੋਂ ਅਕਤੂਬਰ ਵਿੱਚ ਮਿਨੀਮਮ ਵੇਜ ਵਧਾ ਕੇ 17 ਡਾਲਰ 20 ਸੈਂਟ ਪ੍ਰਤੀ ਘੰਟਾ ਕਰ ਦਿੱਤੀ ਗਈ ਹੈ। ਬੀ ਸੀ ਜੂਨ ਮਹੀਨੇ ਵਿੱਚ 17 ਡਾਲਰ 40 ਸੈਂਟ ਪ੍ਰਤੀ ਘੰਟਾ ਕਰ ਰਿਹਾ ਹੈ। ਫੈਡਰਲ ਮਿਨੀਮਮ ਵੇਜ ਵੀ ਇੱਕ ਅਪ੍ਰੈਲ ਤੋਂ 17 ਡਾਲਰ 30 ਸੈਂਟ ਪ੍ਰਤੀ ਘੰਟਾ ਹੋ ਜਾਵੇਗੀ। ਅਲਬਰਟਾ ਵਿੱਚ ਮਹਿੰਗਾਈ ਦਰ ਫਰਵਰੀ ਮਹੀਨੇ ਵਿੱਚ ਵੱਧ ਕੇ 4.12% ਤੇ ਦਰਜ ਕੀਤੀ ਗਈ ਸੀ ਜੋ ਕਿ 2.18% ਦੀ ਰਾਸ਼ਟਰੀ ਔਸਤ ਨਾਲੋਂ ਕਿਤੇ ਵੱਧ ਹੈ। ਇਸ ਕਰਕੇ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਅਲਬਰਟਾ ਸਰਕਾਰ ਔਖੇ ਸਮਿਆਂ ਵਿੱਚ ਆਪਣੇ ਲੋਕਾਂ ਦੀ ਬਾਂਹ ਨਹੀਂ ਫੜ ਰਹੀ।






# ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਦੇ ਸਿਖਿਆਰਥੀ ਦਾ ਐਨ ਡੀ ਏ ਵਿੱਚ ਨਤੀਜਾ ਸ਼ਾਨਦਾਰ ਰਿਹਾ

ਖਡੂਰ ਸਾਹਿਬ (ਪੰਜਾਬੀ ਅਖ਼ਬਾਰ ਬਿਊਰੋ) ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਟ੍ਰੇਨਿੰਗ (ਐਨ ਡੀ ਏ ਵਿੰਗ) ਦੇ ਸਿੱਖਿਆਰਥੀ ਸਹਿਜਪ੍ਰੀਤ ਸਿੰਘ ਨੇ ਐਨ ਡੀ ਏ ਦੇ 152ਵੇਂ ਕੋਰਸ ਦੇ ਇਮਤਿਹਾਨ ਵਿੱਚ ਪੂਰੇ ਭਾਰਤ ਵਿੱਚ ਸੱਤਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸ ਸ਼ਾਨਾਮੱਤੀ ਸੰਸਥਾ ਦੇ ਡਾਇਰੈਕਟਰ ਮੇਜਰ ਜਨਰਲ (ਰਿਟਾਇਰਡ) ਬਲਵਿੰਦਰ ਸਿੰਘ ਹਨ।ਪਿਛਲੇ ਸਾਲ ਇਸ ਸੰਸਥਾ ਦੇ 15 ਸਿੱਖਿਆਰਥੀਆਂ ਨੇ ਐਨ ਡੀ ਏ ਦਾ ਲਿਖਤੀ ਇਮਤਿਹਾਨ ਪਾਸ ਕੀਤਾ ਸੀ ਜਿਹਨਾਂ ਵਿੱਚ ਇੱਕ ਲੜਕੀ ਸੀ। ਪੰਜ ਲੜਕਿਆਂ ਨੇ ਜਨਵਰੀ ਵਿੱਚ ਐਸ ਐਸ ਬੀ ਦੀ ਇੰਟਰਵਿਊ ਪਾਸ ਕੀਤੀ।




ਗਰੁਪ ਕੈਪਟਨ ਬਲਜੀਤ ਸਿੰਘ (ਰਿਟਾਇਰਡ ਚੀਫ ਟ੍ਰੇਨਿੰਗ ਅਫਸਰ) ਦੇ ਦੱਸਣ ਮੁਤਾਬਕ ਹੁਣ ਤੱਕ ਇਸ ਸੰਸਥਾ ਦੇ ਕੁੱਲ 24 ਸਿੱਖਿਆਰਥੀ ਐਨ ਡੀ ਏ ਰਾਹੀਂ ਡਿਫੈਂਸ ਅਫਸਰ ਬਣ ਜਾਣਗੇ। ਬਾਬਾ ਸੇਵਾ ਸਿੰਘ ਜੀ ਨੇ ਦੱਸਿਆ ਕਿ ਸਿੱਖਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਉਚੇਚਾ ਧਿਆਨ ਦਿੱਤਾ ਜਾਂਦਾ ਹੈ। ਸਵੇਰੇ ਪੰਜ ਵਜੇ ਤੋਂ ਰਾਤ ਦੇ ਗਿਆਰਾਂ ਵਜੇ ਤੱਕ ਕਈ ਤਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਸਖਤ ਫਿਜੀਕਲ ਟ੍ਰੇਨਿੰਗ, ਡਰਿੱਲ, ਤੋਂ ਇਲਾਵਾ ਗੁਰਬਾਣੀ ਦਾ ਪਾਠ, ਵਾਤਾਵਰਣ ਦੀ ਸੰਭਾਲ, ਲੰਗਰ ਦੀ ਸੇਵਾ, ਸਫਾਈ ਦੀ ਸੇਵਾ ਆਦਿ ਸ਼ਾਮਲ ਹਨ। ਸੰਸਥਾ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਸਿੱਖਿਆਰਥੀਆਂ ਨੇ ਬਾਬਾ ਜੀ ਦੀ ਯੋਗ ਰਹਿਨੁਮਾਈ ਤੇ ਪ੍ਰੇਰਨਾ ਅਤੇ ਅਧਿਆਪਕਾਂ ਦੀ ਕੁਸ਼ਲਤਾ, ਸੁਚੱਜੀ ਵਿਉਂਤਬੰਦੀ, ਹੁਨਰਮੰਦੀ, ਤਜਰਬੇ ਅਤੇ ਅਨੁਸ਼ਾਸਨ ਦਾ ਜਿਕਰ ਕੀਤਾ। ਨਿਸ਼ਾਨ- ਏ- ਸਿੱਖੀ ਦੀ ਇਮਾਰਤ ਦੇ ਨਾਲ ਲਾਏ ਮੀਲ- ਪੱਥਰ ਦੇ ਨਿਸ਼ਾਨ ਉਪਰ ਉਕਰਿਆ 1857 ਐਨ ਡੀ ਏ ਪਹੁੰਚਣ ਲਈ ਏਨੇ ਕਿਲੋਮੀਟਰ ਦਾ ਪੈਂਡਾ ਤਹਿ ਕਰਨ ਦੀ ਯਾਦ ਕਰਵਾਉਂਦਾ ਰਹਿੰਦਾ ਹੈ।







# ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੀਵੋ ਦੇ ਸਪੋਰਟਸ ਸੈਂਟਰ ਵਿਖੇ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਵਿਸਾਖੀ ਦਾ ਤਿਉਹਾਰ 8 ਅਪ੍ਰੈਲ 2024 ਨੂੰ ਮਨਾਉਣ ਮੌਕੇ ਸੁਰਿੰਦਰਜੀਤ ਪਲਾਹਾ ਅਤੇ ਪ੍ਰਸ਼ੋਤਮ ਦਾਸ ਭਾਰਦੁਵਾਜ ਦੇ ਨਾਲ ਭਜਨ ਸਿੰਘ ਸੱਗੂ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸੱਦਾ ਦਿੱਤਾ। ਪਿਛਲੇ ਦਿਨੀ ਸਭਾ ਦੇ ਬਹੁਤ ਹੀ ਸਤਿਕਾਰ ਯੋਗ ਮੈਂਬਰ ਜਲਵੰਤ ਸਿੰਘ ਗਰੇਵਾਲ ਜੀ ਜੋ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਅੰਤਮ ਸੰਸਕਾਰ ਤੇ ਪਹੁੰਚੇ ਸਮੂਹ ਮੈਂਬਰਾਂ ਦਾ ਪਰਿਵਾਰ ਵੱਲੋਂ ਅਤੇ ਸੰਸਥਾ ਵੱਲੋਂ ਧੰਨਵਾਦ ਕੀਤਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਆਧੁਨਿਕ ਸਮਿਆਂ ਦਾ ਵੇਰਵਾ ਦੇਂਦਿਆ ਅੰਧਵਿਸ਼ਵਾਸ਼ ਨੂੰ ਨਿਕਾਰਿਆ ਤੇ ਕੁੱਝ ਗਲਤ ਤਰੀਕੇ ਨਾਲ ਧਰਮ ਦੀ ਵਿਆਖਿਆ ਕਰਨ ਵਾਲਿਆ ਤੇ ਚਿੰਤਾ ਪ੍ਰਗਟਾਉਦਿਆਂ ਇਤਰਾਜ ਵੀ ਕੀਤਾ। ਜਸਵੰਤ ਸਿੰਘ ਕਪੂਰ ਹੋਰਾਂ "ਡਿੱਠੇ ਸਭੇ ਥਾਵ ਨਹੀ ਤੁਧੁ ਜੇਹਿਆ ਸ਼ਬਦ ਪੜ੍ਹਿਆ। ਬਿੱਕਰ ਸਿੰਘ ਸੰਧੂ ਹੋਰਾਂ ਧਰਮ ਵਾਰੇ, ਸੁਰਿੰਦਰਜੀਤ ਪਲਾਹਾ ਦੇ ਵਿਚਾਰਾ ਦੀ ਲੜੀ ਨੂੰ ਅੱਗੇ ਤੋਰਦਿਆ ਕਿਹਾ ਧਰਮ ਇੱਕ ਸੂਖਮ ਵਿਸ਼ਾ ਹੈ ਹਰ ਇੱਕ ਇਨਸਾਨ ਧਰਮ ਤੋਂ ਪ੍ਰਭਾਵਤ ਹੁੰਦਾ ਹੈ। ਹਰਿੰਦਰ ਕੌਰ ਮੁੰਡੀ ਨੇ ਕਿਹਾ ਕਿ ਖਾਲਸੇ ਦੀ ਸਾਜਨਾ ਸਮੇਂ ਦਸਤਾਰ ਦੀ ਬਖਸ਼ਿਸ਼ ਦਸ਼ਮੇਸ਼ ਪਿਤਾ ਦੀ ਅਲੋਕਿਕ ਦੇਣ ਹੈ। ਐਸ ਐਲ ਮੱਟੂ ਨੇ ਨਵੇ ਆਏ ਮੈਂਬਰ ਬੀਬੀ ਅਮਰਜੀਤ ਕੌਰ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਕੈਲਗਰੀ ਆਕੇ ਥੋੜੇ ਸਮੇਂ ਵਿਚ ਜਿਨ੍ਹਾਂ ਨੇ ਨਾ ਭਰਪੂਰ ਮਾਣ ਖੱਟਿਆ। ਜਰਨੈਲ ਤੱਗੜ ਨੇ ਬੋਲਿਆ "ਸ਼ਹੀਦਾਂ ਦੇ ਸਿਰ ਤੇ ਦੇਸ਼ ਬਣਦੇ ਹਨ। ਸੱਚੇ ਬੋਲ ਹੀ ਉਪਦੇਸ਼ ਬਣਦੇ ਹਨ। ਅਵਤਾਰ ਸਿੰਘ ਗਹੂਨੀਆਂ, ਜੋ ਕੈਲਗਰੀ ਵਿੱਚ ਅੱਧੀ ਸਦੀ ਤੋਂ ਵੀ ਵੱਧ ਸਮੇਂ ਦੇ ਵਸਨੀਕ ਹਨ ਆਪਣੇ ਵਿਚਾਰ ਤੇ ਸੁਝਾਅ ਦਿੱਤੇ। ਸਭਾ ਦੇ ਮੈਂਬਰ ਜੋ ਭਾਰਤ ਦੀ ਫੇਰੀ ਤੋਂ ਵਾਪਿਸ ਆਏ, ਸਕੱਤਰ ਗੁਰਦਿਆਲ ਸਿੰਘ ਨੇ ਉਨ੍ਹਾਂ ਦਾ ਵਾਪਸੀ ਤੇ ਸਵਾਗਤ ਕੀਤਾ। ਚਰਨਜੀਤ ਕੌਰ ਬਾਜਵਾ ਨੇ "ਸਾਂਭੀਆਂ ਸੰਦੂਕ ਵਿੱਚ ਪਈਆਂ ਫੁੱਲਕਾਰੀਆਂ, ਗੁਰਜੀਤ ਕੌਰ ਬਵੇਜਾ ਨੇ ਇੱਕ ਧਾਰਮਿਕ ਗੀਤ ਬੀਬੀ ਹਰਕੰਵਲ ਧਾਲੀਵਾਲ ਨੇ ਧਾਰਮਿਕ ਗੀਤ, ਸੁਰਜੀਤ ਕੌਰ ਕਮੋਹ ਨੇ ਲੋਕ ਗੀਤ ' ਚਰਖਾ ਮੇਰਾ ਰੰਗਲਾ, ਡਾ: ਭਗਤ ਸਿੰਘ ਅਟਵਾਲ ਹੋਰਾਂ ਸੋਲਰ ਇਕਲਿਪਸ ਦੇ ਵਾਰੇ ਭਜਨ ਸਿੰਘ ਸੱਗੂ ਹੋਰਾਂ ਚੁੱਟਕਲਿਆਂ ਨਾਲ ਹਾਸਿਆਂ ਦਾ ਮਾਹੌਲ ਸਿਰਜਿਆ। ਭਵਿੱਖ ਵਿੱਚ ਵੋਟਾਂ ਦੀ ਰੁੱਤ ਨੇੜੇ ਹੋਣ ਕਾਰਣ ਸਾਬਕਾ ਪਾਰਲੀਮੈਂਟ ਮੈਂਬਰ ਜਗਦੀਪ ਸਹੋਤਾ ਨੇ ਵੀ ਸਭਾ ਵਿੱਚ ਪਹਿਲੀ ਵਾਰ ਹਾਜਰੀ ਲਗਵਾਈ।

# ਜਸਰਾਜ ਹੱਲਣ ਦੀ ਅਗਵਾਈ ਹੇਠ ਕੈਲਗਰੀ ਵਿਖੇ ਡੋਰ ਨੌਕ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਜਸਰਾਜ ਸਿੰਘ ਹੱਲਣ ਮੈਂਬਰ ਪਾਰਲੀਮੈਂਟ ਦੀ ਅਗਵਾਈ ਦੇ ਵਿੱਚ ਡੋਰ ਨੌਕਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

ਮਿੰਟਲੀਫ ਰੈਸਟੋਰੈਂਟ ਵਿਖੇ ਇੱਕ ਪ੍ਰੋਗਰਾਮ ਦੌਰਾਨ ਪਾਰਟੀ ਦੇ ਵਲੰਟੀਅਰ ਇਕੱਠੇ ਹੋਏ। ਜਿਹੜੇ ਅਗਲੀਆਂ ਚੋਣਾਂ ਲੜਨ ਦੇ ਇੱਛੁਕ ਉਮੀਦਵਾਰ ਹਨ, ਉਹਨਾਂ ਦੇ ਨਾਲ ਉਹਨਾਂ ਦੇ ਮੱਦਦਗਾਰ ਵੱਡੀ ਗਿਣਤੀ ਦੇ ਵਿੱਚ ਇੱਥੇ ਸ਼ਾਮਿਲ ਹੋਏ। ਰਣਬੀਰ ਪਰਮਾਰ ਨੇ ਅਨਾਉਂਸ ਕੀਤਾ ਹੈ ਕਿ ਉਹ ਕੈਲਗਰੀ ਮੈਕਨਾਈਟ ਨਵੀਂ ਫੈਡਰਲ ਰਾਈਡਿੰਗ ਤੋਂ ਯੂਸੀਪੀ ਦੇ ਨੋਮੀਨੇਸ਼ਨ ਦੇ ਉਮੀਦਵਾਰ ਹੋਣਗੇ। ਜਗਦੀਪ ਕੌਰ ਸਹੋਤਾ, ਕਾਮਰਾਨ ਚੌਧਰੀ,ਨਰਿੰਦਰ ਔਜਲਾ ਜਿਹੜੇ ਕਿ ਕੈਲਗਰੀ ਸਕਾਈਵਿਊ ਤੋਂ ਕੰਜਰਵੇਟਿਵ ਪਾਰਟੀ ਦੀ ਨੋਮੀਨੇਸ਼ਨ ਲੜ ਰਹੇ ਹਨ। ਤੇ ਹੋਰ ਬਹੁਤ ਸਾਰੇ ਕੈਂਡੀਡੇਟਸ ਹਾਜ਼ਰ ਸਨ ਤੇ ਡੋਰ ਨੌਕ ਦੀ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੌਕੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਕੰਜ਼ਰਵੇਟਿਵ ਪਾਰਟੀ ਵੱਲੋਂ ਮੌਜੂਦਾ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਨੇ ਦੱਸਿਆ ਕਿ ਉਹਨਾਂ ਦੀ ਪਾਰਟੀ ਵੱਲੋਂ ਜੋਸ਼ੋ ਖ਼ਰੋਸ਼ ਨਾਲ ਹਰ ਘਰ ਦੇ ਦਰਵਾਜੇ ਉੱਪਰ ਜਾਕੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ ਜਾ ਰਿਹਾ ਹੈ ਅਤੇ ਆਪਣੀ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

# ਜਾਰਜ ਚਾਹਲ, ਐਮ ਪੀ ਵੱਲੋਂ ਬਿਲਡਿੰਗਾਂ ਦੀ ਉਸਾਰੀ ਸਬੰਧੀ ਨੌਕਰੀ, ਸਿੱਖਿਆ ਬਾਰੇ ਮੇਲਾ ਲਗਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਈਸਟ ਕੈਲਗਰੀ ਵਿੱਚ 13 ਅਪ੍ਰੈਲ 2024 ਵਾਲੇ ਦਿਨ ਜੈਨੇਸਿਸ ਸੈਂਟਰ ਵਿਖੇ ਹਜ਼ਾਰਾਂ ਲੋਕਾਂ ਦੇ ਨਾਲ ਸੈਸ਼ਨ ਦੌਰਾਨ ਜਾਰਜ ਚਹਿਲ, ਐਮ ਪੀ ਕੈਲਗਰੀ ਸਕਾਈਵਿਊ ਨੇ ਬਿਲਡਿੰਗਾਂ ਦੀ ਉਸਾਰੀ ਸਬੰਧੀ ਨੌਕਰੀਆਂ ਦੇਣ ਅਤੇ ਉਹਨਾਂ ਬਾਰੇ ਸਿਖਿਆ ਸਬੰਧੀ ਮੇਲੇ ਦੀ ਮੇਜ਼ਬਾਨੀ ਕੀਤੀ, ਜਿੱਥੇ ਹਜ਼ਾਰਾਂ ਲੋਕ ਰੁਜ਼ਗਾਰ ਦੇ ਨਵੇਂ ਮੌਕੇ ਭਾਲਣ, ਆਪਣੇ ਹੁਨਰ ਨੂੰ ਅੱਪਗ੍ਰੇਡ ਕਰਨ ਅਤੇ ਕਰਮਚਾਰੀਆਂ ਵਿੱਚ ਦਾਖਲ ਹੋਣ ਦੇ ਤਰੀਕਿਆਂ ਬਾਰੇ ਸਿੱਖਣ ਲਈ ਲਈ ਆਏ ਸਨ। ਇਸ ਮੇਲੇ ਬਾਰੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਮੈਂਬਰ ਪਾਰਲੀਮੈਂਟ ਜਾਰਜ ਚਾਹਲ ਦਾ ਕਹਿਣਾ ਸੀ ਕਿ ਕੈਲਗਰੀ ਵਿੱਚ ਹੋਰ ਰਿਹਾਇਸ਼ ਅਤੇ ਨੌਕਰੀਆਂ ਲਿਆਉਣਾ ਮੇਰੀ ਤਰਜੀਹ ਰਹੀ ਹੈ ਅਤੇ ਰਹੇਗੀ। ਮੈਂ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਲੋਕਾਂ ਕੋਲ ਘਰਾਂ ਦੀ ਉਸਾਰੀ ਸਬੰਧੀ ਨੌਕਰੀਆਂ ਲੈਣ ਲਈ ਜਾਣਕਾਰੀ ਹੋਣਾਂ ਜਰੂਰੀ ਹੈ। ਇਸ ਲਈ ਇਸ ਨਾਲ ਸਬੰਧਿਤ ਕੰਪਨੀਆਂ ਲਾਫਾਰਜ, ਮੈਟਾਮੀ ਹੋਮਸ, ਐਨਮੈਕਸ, ਕੈਲਗਰੀ ਕੰਸਟਰਕਸ਼ਨ ਐਸੋਸੀਏਸ਼ਨ, ਸਕਾਈਵਿਊ ਬਲਾਈਂਡਜ਼,ਟਿਰੱਪਲ ਏ ਵਿੰਡੋਜ਼, SAIT, CCIS, Women Biulidng Futures, ਕੈਨੇਡੀਅਨ ਆਰਮਡ ਫੋਰਸਿਜ਼, ਅਤੇ ਹੋਰਨਾਂ ਨੂੰ ਅੱਜ ਦੇ ਇਸ ਮੇਲੇ ਵਿੱਚ ਸਾਮਿਲ ਹੋਣ ਲਈ ਸੱਦਿਆ ਗਿਆ ਸੀ।

AERO SIGN & PRINT INC.
RELIABLE AND AFFORDABLE
www.aerosign.ca
WHOLESALE
CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Sidhu Accounting & Financial Services
Accounting Services
• Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜ਼ੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਜ਼ਿੰਦਗੀ ਦੀਆਂ ਠੋਕਰਾਂ ਵੀ ਕਾਮਯਾਬੀ ਦਾ ਕਾਰਨ ਬਣ ਜਾਂਦੀਆਂ ਨੇ

### ਹੁਣ 'ਮੋਦੀ ਦੀ ਗਾਰੰਟੀ' ਸ਼ਬਦ ਦਾ ਜਨਮ ਹੋਇਐ !

ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਇੱਕ ਤਰ੍ਹਾਂ ਨਾਲ ਉਸ ਪਾਰਟੀ ਦੇ ਨਜ਼ਰੀਏ ਅਤੇ ਵੱਖ-ਵੱਖ ਮੁੱਦਿਆਂ 'ਤੇ ਪ੍ਰਤੀਬੱਧਤਾ ਦਾ ਦਸਤਾਵੇਜ਼ ਹੁੰਦੇ ਹਨ। ਉਨ੍ਹਾਂ ਦੇ ਆਧਾਰ 'ਤੇ ਲੋਕਾਂ ਨੂੰ ਇਹ ਫੈਸਲਾ ਕਰਨ ਵਿੱਚ ਮੱਦਦ ਕੀਤੀ ਜਾਂਦੀ ਹੈ ਕਿ ਕਿਹੜੀ ਪਾਰਟੀ ਦੀ ਸਰਕਾਰ ਉਨ੍ਹਾਂ ਦੇ ਹਿੱਤਾਂ ਲਈ ਕੰਮ ਕਰੇਗੀ। ਲਗਭਗ ਸਾਰੀਆਂ ਪਾਰਟੀਆਂ ਨੇ ਆਪਣੇ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤੇ ਹਨ। ਭਾਜਪਾ ਨੇ ਆਪਣਾ ਸੰਕਲਪ ਪੱਤਰ ਵੀ ਜਾਰੀ ਕੀਤਾ। ਲੋਕ ਲੰਬੇ ਸਮੇਂ ਤੋਂ ਇਸ ਦੀ ਉਡੀਕ ਕਰ ਰਹੇ ਸਨ। ਕਿਉਂਕਿ ਹਾਕਮ ਧਿਰ ਦੇ ਐਲਾਨਾਂ 'ਤੇ ਸਭ ਤੋਂ ਵੱਧ ਨਜ਼ਰ ਰੱਖੀ ਜਾਂਦੀ ਹੈ। ਭਾਜਪਾ ਆਪਣੇ ਚੋਣ ਮਨੋਰਥ ਪੱਤਰ ਨੂੰ 'ਸੰਕਲਪ ਪੱਤਰ' ਆਖਦੀ ਹੈ, ਇਸ ਵਾਰ ਇਸ ਵਿੱਚ 'ਮੋਦੀ ਦੀ ਗਾਰੰਟੀ' ਸ਼ਬਦ ਜੋੜਿਆ ਗਿਆ ਹੈ। ਪ੍ਰਧਾਨ ਮੰਤਰੀ ਕਈ ਮਹੀਨਿਆਂ ਤੋਂ ਜਨਤਕ ਮੰਚਾਂ ਤੋਂ ਕੁੱਝ ਕੰਮਾਂ ਅਤੇ ਯੋਜਨਾਵਾਂ ਦੀ ਗਰੰਟੀ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਗੱਲਾਂ ਨੂੰ ਵੀ ਸੰਕਲਪ ਪੱਤਰ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਪਿਛਲੇ ਮਤਿਆਂ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦਾ ਵੀ ਜ਼ਿਕਰ ਹੈ, ਜਿਸ ਵਿੱਚ ਧਾਰਾ 370, ਰਾਮ ਮੰਦਰ ਆਦਿ ਸ਼ਾਮਲ ਹਨ। ਪਰ ਅਗਲੀ ਸਰਕਾਰ ਵਿੱਚ ਜ਼ਿਆਦਾਤਰ ਪੁਰਾਣੀਆਂ ਸਕੀਮਾਂ ਨੂੰ ਅੱਗੇ ਲਿਜਾਣ ਅਤੇ ਉਨ੍ਹਾਂ ਦਾ ਦਾਇਰਾ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਦਾਹਰਨ ਲਈ, ਆਯੂਸ਼ਮਾਨ ਯੋਜਨਾ, ਜਨ ਔਸ਼ਧੀ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਮੁਦਰਾ ਯੋਜਨਾ, ਲਖਪਤੀ ਦੀਦੀ, ਅਗਲੇ ਪੰਜ ਸਾਲਾਂ ਲਈ ਮੁਫਤ ਰਾਸ਼ਨ ਆਦਿ। ਵਿਰੋਧੀ ਧਿਰ ਨੇ ਇਹ ਕਹਿ ਕੇ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਪਿਛਲੀਆਂ ਚੋਣਾਂ ਵਿੱਚ ਜੋ ਮੁੱਢਲੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਮਤਾ ਪੱਤਰ ਵਿੱਚ ਬੜੀ ਚਲਾਕੀ ਨਾਲ ਛੁਪਾਇਆ ਗਿਆ ਹੈ। ਇਸ ਦੀਆਂ ਉਦਾਹਰਣਾਂ ਵੱਜੋਂ ਉਹ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਮੁੱਦੇ ਉਠਾ ਰਹੇ ਹਨ। ਦਰਅਸਲ, ਭਾਜਪਾ ਨੇ ਪਹਿਲੇ ਕਾਰਜਕਾਲ ਵਿੱਚ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਉਹ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ। ਬੇਰੁਜ਼ਗਾਰੀ ਦਾ ਪੱਧਰ ਚਿੰਤਾਜਨਕ ਬਣ ਗਿਆ ਹੈ। ਭਾਜਪਾ ਨੇ ਆਪਣੇ ਤਾਜ਼ਾ ਚੋਣ ਮਨੋਰਥ ਪੱਤਰ ਵਿੱਚ ਇਹ ਵੀ ਦੁਹਰਾਇਆ ਹੈ ਕਿ ਆਪਣੇ ਕਾਰਜਕਾਲ ਦੌਰਾਨ 25 ਕਰੋੜ ਲੋਕ ਗਰੀਬੀ ਤੋਂ ਬਾਹਰ ਆਏ, ਪਰ ਸੱਚਾਈ ਇਹ ਵੀ ਹੈ ਕਿ ਤਕਰੀਬਨ 82 ਕਰੋੜ ਲੋਕ ਮੁਫਤ ਰਾਸ਼ਨ 'ਤੇ ਗੁਜ਼ਾਰਾ ਕਰਨ ਦਾ ਸਰਾਪ ਹਨ। ਜੇਕਰ ਰੋਜ਼ਗਾਰ ਦੇ ਮੌਕੇ ਮਿਲਦੇ ਤਾਂ ਲੋਕ ਮਿਹਨਤ ਮਜ਼ਦੂਰੀ ਕਰਕੇ ਆਪਣੇ ਦਮ 'ਤੇ ਕਮਾਉਂਦੇ। ਭਾਰਤੀ ਰਿਜ਼ਰਵ ਬੈਂਕ ਮਹਿੰਗਾਈ 'ਤੇ ਕਾਬੂ ਪਾਉਣ ਲਈ ਸੰਘਰਸ਼ ਕਰ ਰਿਹਾ ਹੈ। ਜੇਕਰ ਕਿਸਾਨਾਂ ਦੀ ਆਮਦਨ ਸੱਚਮੁੱਚ ਦੁੱਗਣੀ ਹੋ ਗਈ ਹੁੰਦੀ ਤਾਂ ਅਜਿਹੀ ਹਰਕਤ ਨਾ ਹੁੰਦੀ, ਜਿਸ ਨੂੰ ਕਾਬੂ ਕਰਨ ਲਈ ਸੜਕਾਂ 'ਤੇ ਕੰਧਾਂ ਖੜ੍ਹੀਆਂ ਕਰਨੀਆਂ ਪੈਂਦੀਆਂ ਅਤੇ ਅੱਥਰੂ ਗੈਸ ਦੇ ਗੋਲੇ ਛੱਡਣੇ ਪੈਂਦੇ । ਹਾਲਾਂਕਿ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਦੇ ਜਵਾਬ ਵਿੱਚ ਭਾਜਪਾ ਜੋ ਵਿਕਾਸ ਨਕਸ਼ਾ ਪੇਸ਼ ਕਰ ਰਹੀ ਹੈ, ਉਸ ਵਿੱਚ ਨੌਜਵਾਨਾਂ, ਔਰਤਾਂ, ਕਿਸਾਨਾਂ ਅਤੇ ਗਰੀਬਾਂ ਲਈ ਗਾਰੰਟੀ ਵਾਲੀਆਂ ਸਕੀਮਾਂ ਹਨ। ਸੰਕਲਪ ਪੱਤਰ ਵਿੱਚ ਬੁਨਿਆਦੀ ਢਾਂਚੇ, ਨਿਰਮਾਣ, ਸਟਾਰਟਅੱਪ, ਖੇਡਾਂ, ਨਿਵੇਸ਼, ਉੱਚ ਪੱਧਰੀ ਸੇਵਾਵਾਂ ਅਤੇ ਸੈਰ-ਸਪਾਟੇ ਰਾਹੀਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਨਕਸ਼ਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਭਾਜਪਾ ਸਰਕਾਰੀ ਵਿਭਾਗਾਂ ਵਿੱਚ ਖਾਲੀ ਅਸਾਮੀਆਂ ਭਰਨ ਦੀ ਬਜਾਏ ਨਿੱਜੀ ਅਦਾਰਿਆਂ ਰਾਹੀਂ ਰੁਜ਼ਗਾਰ ਦੇਣ ਦਾ ਵਾਅਦਾ ਕਰ ਰਹੀ ਹੈ। ਇਸ ਤਰ੍ਹਾਂ ਵਿਕਾਸ ਕੀ ਰੂਪ ਧਾਰਨ ਕਰ ਸਕਦਾ ਹੈ? ਮਤਾ ਪੱਤਰ ਵਿੱਚ ਕਹੀਆਂ ਗੱਲਾਂ ਤੋਂ ਇਲਾਵਾ ਚੋਣ ਮੰਚ ਤੋਂ ਕਹੀਆਂ ਜਾਣ ਵਾਲੀਆਂ ਗੱਲਾਂ ਵੱਖਰੀਆਂ ਹਨ। ਇੱਕ ਦੇਸ਼, ਇੱਕ ਚੋਣ ਅਤੇ ਇੱਕਸਾਰ ਸਿਵਲ ਕੋਡ 'ਤੇ ਜ਼ੋਰ ਦਿੱਤਾ ਗਿਆ ਹੈ। ਭ੍ਰਿਸ਼ਟਾਚਾਰ ਦੇ ਖਾਤਮੇ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਜਾ ਰਿਹਾ ਹੈ। ਪਰ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਵਚਨਬੱਧਤਾ ਨੂੰ ਲੈ ਕੇ ਖੁਦ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਡੂੰਘੇ ਸਵਾਲ ਖੜ੍ਹੇ ਹੋ ਰਹੇ ਹਨ। ਇਹ ਦੇਖਣਾ ਬਾਕੀ ਹੈ ਕਿ ਇਹ ਸੰਕਲਪ ਪੱਤਰ ਇਨ੍ਹਾਂ ਭਲੇ-ਬੁਨਿਆਦਾਂ ਦੇ ਵਿਸ਼ਲੇਸ਼ਣ ਤੋਂ ਪਰ੍ਹੇ ਆਮ ਵੋਟਰ 'ਤੇ ਕਿੰਨਾ ਕੁ ਪ੍ਰਭਾਵ ਛੱਡ ਸਕਦਾ ਹੈ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

- ਸੰਪਾਦਕ

# ਗੁਰ ਕੀ ਕਰਣੀ ਕਾਹੇ ਧਾਵਹੁ ॥



ਜਸਵਿੰਦਰ ਸਿੰਘ ਰੁਪਾਲ
403 465 1586

ਜਦੋਂ ਅਸੀਂ ਇਤਿਹਾਸ ਪੜ੍ਹਦੇ ਸੁਣਦੇ ਹਾਂ ਤਾਂ ਬਹੁਤ ਸਾਰੀਆਂ ਘਟਨਾਵਾਂ ਜਾਂ ਸਾਖੀਆਂ ਸਾਡੇ ਮਨ ਨੂੰ ਟੁੰਬਦੀਆਂ ਹਨ, ਜਿਹਨਾਂ ਦਾ ਅਸਰ ਉਸ ਸਮੇਂ ਵੀ ਅਤੇ ਦੇਰ ਬਾਅਦ ਵੀ ਸਮਾਜ ਵਿੱਚ ਦੇਖਿਆ ਜਾ ਸਕਦਾ ਹੈ। ਜਿਹਨਾਂ ਘਟਨਾਵਾਂ ਨੇ ਸਮਾਜ ਵਿੱਚ ਇੱਕ ਇਨਕਲਾਬੀ ਮੋੜ ਲਿਆਂਦਾ ਹੋਵੇ, ਉਹ ਕਦੇ ਵੀ ਲੋਕ-ਮਾਨਸਿਕਤਾ ਤੋਂ ਪਰ੍ਹੇ ਨਹੀਂ ਹੋ ਸਕਦੀਆਂ। ਪਰ ਸਮੇਂ ਦੇ ਬੀਤਣ ਨਾਲ ਉਹਨਾਂ ਘਟਨਾਵਾਂ ਦੀ ਵਿਆਖਿਆ ਵਿੱਚ ਫਰਕ ਪੈ ਜਾਂਦਾ ਹੈ। ਕੁਝ ਗੱਲਾਂ ਦੇ ਹੋਣ ਜਾਂ ਨਾ ਹੋਣ ਬਾਰੇ ਇੱਕ ਬਹਿਸ ਵੀ ਛਿੜ ਜਾਂਦੀ ਹੈ । ਹਰੇਕ ਪੱਖ ਦੇ ਵਿਦਵਾਨ ਆਪੋ ਆਪਣੀ ਦਲੀਲ ਪੇਸ਼ ਕਰਦੇ ਹਨ। ਇਹ ਬਹਿਸ ਕਈ ਵਾਰ ਵਿਅਕਤੀਆਂ ਜਾਂ ਧੜਿਆਂ ਵਿੱਚ ਤੇਜ ਤਕਰਾਰ ਦਾ ਕਾਰਨ ਵੀ ਬਣ ਜਾਂਦੀ ਹੈ। ਆਮ ਜਗਿਆਸੂ ਵੀ ਇਹਨਾਂ ਵਿਦਵਾਨਾਂ ਦੀਆਂ ਦਲੀਲਾਂ ਤੋਂ ਕੋਈ ਫੈਸਲਾ ਨਹੀਂ ਕਰ ਸਕਦਾ ਅਤੇ ਇੱਕ ਇਤਿਹਾਸਕ ਭ੍ਰਾਂਤੀ ਦਾ ਸ਼ਿਕਾਰ ਹੋ ਜਾਂਦਾ ਹੈ ।ਪਰ ਵਾਹਿਗੁਰੂ ਜੀ ਕਈ ਵਾਰ ਬਖਸ਼ਿਸ਼ ਕਰਕੇ ਆਪ ਹੀ ਡਾਵਾਂਡੋਲ ਹਾਲਤ ਵਿਚੋਂ ਮਨ ਨੂੰ ਬਾਹਰ ਵੀ ਕੱਢ ਲੈਂਦੇ ਹਨ। ਅਜਿਹੀ ਹੀ ਇੱਕ ਘਟਨਾ, ਉਸ ਤੇ ਵਿਵਾਦ ਅਤੇ ਉਸ ਵਿਵਾਦ ਵਿਚੋਂ ਕਿਵੇਂ ਬਾਹਰ ਆਇਆ, ਇਸ ਬਾਰੇ ਵਿਚਾਰ ਕਰ ਰਿਹਾ ਹਾਂ ।

1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿੱਚ ਇੱਕ ਅਜਿਹੀ ਘਟਨਾ ਵਾਪਰੀ ਜਿਹੜੀ ਨਾ ਤਾਂ ਪਹਿਲਾਂ ਕਦੇ ਹੋਈ ਸੀ, ਅਤੇ ਨਾ ਹੀ ਭਵਿੱਖ ਵਿੱਚ ਕਦੇ ਵੀ ਹੋ ਹੀ ਸਕਦੀ ਹੈ। ਖਾਲਸਾ ਪ੍ਰਗਟ ਕਰਨ ਦੀ ਗੱਲ ਜਿਵੇਂ ਅਸੀਂ ਸਾਰੇ ਜਾਣਦੇ ਹਾਂ, ਇੰਝ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੰਗੀ ਤੇਗ ਲੈ ਕੇ ਸਟੇਜ ਤੇ ਆਉਂਦੇ ਹਨ ਅਤੇ ਇੱਕ ਸੀਸ ਦੀ ਮੰਗ ਕਰਦੇ ਹਨ। ਪੰਡਾਲ ਵਿੱਚ ਸਾਰੇ ਪਾਸੇ ਚੁੱਪ ਛਾ ਜਾਂਦੀ ਹੈ। ਗੁਰੂ ਸਾਹਿਬ ਫਿਰ ਕੜਕਵੀਂ ਆਵਾਜ਼ ਵਿੱਚ ਆਪਣੀ ਮੰਗ ਦੁਹਰਾਉਂਦੇ ਹਨ। ਫੇਰ ਇੱਕ ਸੁੰਨ ! ਤੀਸਰੀ ਵਾਰੀ ਸੀਸ ਦੀ ਮੰਗ ਦੁਹਰਾਏ ਜਾਣ ਤੇ ਇੱਕ ਸਿੱਖ ਖੜ੍ਹਾ ਹੁੰਦਾ ਹੈ ਅਤੇ ਦੇਰੀ ਲਈ ਖਿਮਾ ਮੰਗਦਿਆਂ ਆਪਣਾ ਸੀਸ ਭੇਟ ਕਰਨ ਦੀ ਇੱਛਾ ਪ੍ਰਗਟਾਉਂਦਾ ਹੈ। ਇਹ ਲਾਹੌਰ ਦਾ ਭਾਈ ਦਇਆ ਰਾਮ ਹੈ। ਗੁਰੂ ਜੀ ਬਾਂਹ ਤੋਂ ਫੜ੍ਹ ਕੇ ਪਿਛਲੇ ਪਾਸੇ ਇਸਨੂੰ ਤੰਬੂ ਦੇ ਅੰਦਰ ਲੈ ਜਾਂਦੇ ਹਨ। ਜ਼ੋਰਦਾਰ ਤਲਵਾਰ ਚੱਲਣ ਦੀ ਆਵਾਜ ਆਉਂਦੀ ਹੈ। ਕੁਝ ਪਲਾਂ ਬਾਅਦ ਹੀ ਗੁਰੂ ਜੀ ਦੇ ਹੱਥ ਵਿੱਚ ਲਹੂ ਨਾਲ ਰੰਗੀ ਹੋਈ ਤੇਗ ਹੈ ਅਤੇ ਉਹ ਇਸ ਨੂੰ ਸੰਗਤ ਨੂੰ ਦਿਖਾਉਂਦੇ ਹੋਏ ਇੱਕ ਹੋਰ ਸੀਸ ਦੀ ਮੰਗ ਕਰਦੇ ਹਨ। ਪੰਡਾਲ ਵਿੱਚ ਬੈਠੇ ਹਰ ਵਿਅਕਤੀ ਦਾ ਦਿਲ ਧੜਕ ਰਿਹਾ ਹੈ। ਫੇਰ ਇੱਕ ਸਿੱਖ ਉੱਠਦਾ ਹੈ, ਉਹੀ ਕਹਾਣੀ ਦੁਹਰਾਈ ਜਾਂਦੀ ਹੈ। ਇਸ ਨੂੰ ਵੀ ਗੁਰੂ ਜੀ ਤੰਬੂ ਵਿੱਚ ਲਿਜਾਂਦੇ ਹਨ, ਉਸੇ ਤਰਾਂ ਤੇਗ ਦੇ ਚੱਲਣ ਦੀ ਆਵਾਜ ਆਉਂਦੀ ਹੈ ਅਤੇ ਗੁਰੂ ਜੀ ਲਹੂ ਵਾਲੀ ਤੇਗ ਦਿਖਾ ਕੇ ਫੇਰ ਸੀਸ ਦੀ ਮੰਗ ਕਰਦੇ ਹਨ। ਇਸ ਤਰਾਂ ਉਹ ਪੰਜ ਵਾਰੀ ਕਰਦੇ ਹਨ। ਪੰਜ ਸਿੱਖ ਹਾਜਰ ਹੁੰਦੇ ਹਨ। ਗੁਰੂ ਜੀ ਕੁਝ ਦੇਰ ਬਾਅਦ ਪੰਜਾਂ ਨੂੰ ਬਾਹਰ ਲੈ ਆਉਂਦੇ ਹਨ। ਪੰਜੇ ਇੱਕ ਨਵੇਂ ਰੂਪ ਵਿੱਚ ਸਜੇ ਹੋਏ ਹਨ। ਨਵਾਂ ਬਾਣਾ ਪਾਇਆ ਹੋਇਆ ਹੈ। ਪੰਜ ਕਕਾਰ ਧਾਰਨ ਕੀਤੇ ਹੋਏ ਹਨ। ਸਭ ਦੇ ਚਿਹਰੇ ਤੇ ਇੱਕ ਲਾਲੀ ਹੈ। ਗੁਰੂ ਜੀ ਉਹਨਾਂ ਨੂੰ ਖੰਡੇ ਦੀ ਪਾਹੁਲ ਛਕਾਉਂਦੇ ਹਨ, ਉਹਨਾਂ ਤੋਂ ਆਪ ਵੀ ਛਕਦੇ ਹਨ ਅਤੇ ਉਹਨਾਂ ਨੂੰ ਪੰਜ ਪਿਆਰੇ ਦਾ ਖਿਤਾਬ ਦਿੰਦੇ ਹਨ। ਖਾਲਸਾ ਪ੍ਰਗਟ ਕਰਨ ਦੀ ਇਸ ਸਾਖੀ ਤੇ ਤਿੰਨ ਤਰਾਂ ਦੇ ਵਿਚਾਰ ਸਿੱਖ ਕੌਮ ਵਿੱਚ ਪ੍ਰਚੱਲਿਤ ਹਨ--

1.ਪਹਿਲੀ ਤਰਾਂ ਦੇ ਵਿਦਵਾਨ, ਪ੍ਰਚਾਰਕ, ਸ਼ਰਧਾਲੂ ਸਿੱਖ ਇਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਪੰਜਾਂ ਦੇ ਸਿਰ ਅਸਲ ਵਿੱਚ ਧੜ ਤੋਂ ਅਲੱਗ ਕਰ ਦਿੱਤੇ ਸਨ। ਬਾਅਦ ਵਿੱਚ ਧੜ ਅਤੇ ਸਿਰ ਬਦਲੇ ਗਏ, ਇੱਕ ਦੇ ਧੜ ਨੂੰ ਕਿਸੇ ਦੂਸਰੇ ਦਾ ਸਿਰ ਲਗਾਇਆ ਗਿਆ ਅਤੇ ਅਖੀਰ ਵਿੱਚ ਗੁਰੂ ਜੀ ਨੇ ਉਹਨਾਂ ਸਭਨਾਂ ਨੂੰ ਜਿਉਂਦਾ ਕਰ ਦਿੱਤਾ ਅਤੇ ਖਾਲਸਾ ਬਣਾਇਆ। ਇਹ ਵਿਦਵਾਨ ਗੁਰਬਾਣੀ ਫੁਰਮਾਨ-
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥
(ਭੈਰਉ ਮਹਲਾ ੫, ਪੰਨਾ ੧੧੪੨)
ਦਾ ਹਵਾਲਾ ਦੇ ਕੇ ਆਖਦੇ ਹਨ ਕਿ ਗੁਰੂ ਸਮਰੱਥ ਹੈ। ਉਹ ਮ੍ਰਿਤਕ ਨੂੰ ਜਿੰਦਾ ਕਰ ਸਕਦਾ ਹੈ। ਇਹ ਗੁਰੂ ਜੀ ਦਾ ਚੋਜ ਸੀ। ਹੋਰ ਅੱਗੇ ਚੱਲ ਕੇ ਇਹ ਵੀ ਜਿਕਰ ਆਉਂਦਾ ਹੈ ਕਿ ਇਸ ਇਕੱਠ ਵਿੱਚ, ਜਿਸ ਦੀ ਗਿਣਤੀ ਅੱਸੀ ਹਜਾਰ ਦੱਸੀ ਗਈ ਹੈ, ਔਰੰਗਜੇਬ ਦਾ ਸੂਹੀਆ ਵੀ ਹਾਜਰ ਸੀ ਜਿਸ ਨੇ ਰੋਜ਼ਾਨਾ ਦੀ ਰਿਪੋਰਟ ਰਾਜੇ ਨੂੰ ਪੁਚਾਉਣੀ ਹੁੰਦੀ ਸੀ। ਇਹਨਾਂ ਵਿਦਵਾਨਾਂ ਅਨੁਸਾਰ ਉਸ ਸੂਹੀਏ ਨੇ ਆਪਣੀ ਰਿਪੋਰਟ ਵਿੱਚ ਇਹ ਹੀ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਮੁੱਚ ਪੰਜਾਂ ਦੇ ਪਹਿਲਾਂ ਸੀਸ ਕਲਮ ਕੀਤੇ ਅਤੇ ਫੇਰ ਉਹਨਾਂ ਨੂੰ ਸੁਰਜੀਤ ਕੀਤਾ ਗਿਆ। ਉਹ ਮੌਕੇ ਦਾ ਗਵਾਹ ਬਣਦਾ ਹੈ।

2. ਅਜੋਕੇ ਵਿਗਿਆਨਕ ਯੁੱਗ ਵਿਚ ਇਹ ਮੰਨਣਾ ਬਹੁਤਿਆਂ ਨੂੰ ਔਖਾ ਲੱਗਦਾ ਹੈ ਕਿ ਗੁਰੂ ਜੀ ਨੇ ਸਿਰ ਅਸਲ ਵਿੱਚ ਉਤਾਰ ਕੇ ਫੇਰ ਜੋੜੇ। ਪਹਿਲੀ ਗੱਲ ਤਾਂ ਵਿਗਿਆਨ ਕਿਸੇ ਮਿਰਤਕ ਨੂੰ ਜਿਉਂਦਾ ਹੋਣ ਦੀ ਗੱਲ ਹੀ ਨਹੀਂ ਮੰਨਦਾ, ਦੂਜੀ ਗੱਲ ਕਿ ਗੁਰਮਤਿ ਵਿੱਚ ਕਰਾਮਾਤ ਦਿਖਾਏ ਜਾਣ ਦੀ ਮਨਾਹੀ ਹੈ। ਇਸ ਲਈ ਇਹ ਵਰਗ ਇਸ ਘਟਨਾ ਦੀ ਵਿਆਖਿਆ ਨੂੰ ਕੁਝ ਸੋਧਦਾ ਹੈ। ਇਸ ਅਨੁਸਾਰ ਗੁਰੂ ਜੀ ਨੇ ਸਿਰ ਕਲਮ ਨਹੀਂ ਸੀ ਕੀਤੇ, ਉਹਨਾਂ ਨੇ ਤੰਬੂ ਵਿੱਚ ਬੱਕਰੇ ਝਟਕਾਏ ਸਨ ਅਤੇ ਜੋ ਲਹੂ ਭਿੱਜੀ ਤੇਗ ਉਹਨਾਂ ਸਭ ਦੇ ਸਾਹਮਣੇ ਲਿਆਂਦੀ ਸੀ, ਉਹ ਬੱਕਰਿਆਂ ਦੇ ਲਹੂ ਨਾਲ ਹੀ ਭਿੱਜੀ ਹੋਈ ਸੀ । ਕੁਝ ਗਿਆਨ ਰੱਖਣ ਵਾਲੇ ਇੱਥੇ ਸੰਤੁਸ਼ਟ ਹੋ ਜਾਂਦੇ ਹਨ।

3. ਦੂਸਰੇ ਨੁਕਤੇ ਤੇ ਵੀ ਆਲੋਚਕ, ਆਲੋਚਨਾ ਕਰਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਜੀ ਸਭ ਦੇ ਸਾਹਮਣੇ ਬੰਦੇ ਦਾ ਸੀਸ ਮੰਗਣ ,ਪਰ ਅਸਲ ਵਿੱਚ ਬੱਕਰੇ ਦਾ ਸਿਰ ਸਵੀਕਾਰ ਕਰ ਲੈਣ। ਗੁਰੂ ਜੀ ਦੀ ਕਹਿਣੀ ਅਤੇ ਕਰਨੀ ਵੱਖਰੀ ਕਿਵੇਂ ਹੋ ਸਕਦੀ ਸੀ । ਤੀਸਰਾ ਗਰੁੱਪ ਵਿਦਵਾਨਾਂ ਦਾ ਅਜਿਹਾ ਹੈ ਜਿਹਨਾਂ ਅਨੁਸਾਰ ਗੁਰੂ ਜੀ ਨੇ ਨਾ ਤਾਂ ਸਿਰ ਹੀ ਕਲਮ ਕੀਤੇ ਸਨ ਅਤੇ ਨਾ ਬੱਕਰੇ ਝਟਕਾਏ ਨੇ। ਇਹ ਵਿਦਵਾਨ ਲਹੂ ਭਿੱਜੀ ਤੇਗ ਬਾਰੇ ਚੁੱਪ ਧਾਰਨ ਕਰਦੇ ਹੋਏ ਆਪਣੀ ਵਿਆਖਿਆ ਵਿੱਚ ਕਹਿੰਦੇ ਹਨ ਕਿ ਸਿਰ ਵਿੱਚ ਹੁੰਦੀ ਹੈ ਸੋਚ। ਅਸਲ ਵਿੱਚ ਗੁਰੂ ਜੀ ਨੇ ਆਪਣੇ ਸਿੱਖਾਂ ਦੀ ਪਹਿਲੀ ਸੋਚ ਲੈ ਕੇ ਉਹਨਾਂ ਨੂੰ ਇੱਕ ਨਵੀਂ ਸੋਚ ਦਿੱਤੀ ਸੀ। ਇਹੀ ਮਤਲਬ ਹੈ ਸੀਸ ਭੇਟ ਕਰਨ ਦਾ। ਉਹ ਆਪਣੀ ਗੱਲ ਨੂੰ ਠੀਕ ਸਿੱਧ ਕਰਨ ਲਈ ਗੁਰਬਾਣੀ ਫੁਰਮਾਨ ਦੇ ਹਵਾਲੇ ਦੇ ਕੇ ਆਖਦੇ ਹਨ ਕਿ ਗੁਰੂ ਨਾਨਕ ਜੀ ਨੇ ਵੀ ਤਾਂ ਸੀਸ ਦੀ ਮੰਗ ਕੀਤੀ ਸੀ--
ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥..(ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨)
ਅਤੇ ਗੁਰੂ ਰਾਮਦਾਸ ਜੀ ਨੇ ਨੇ ਵੀ ਸੀਸ ਭੇਟ ਕਰਨ ਦੀ ਗੱਲ ਕੀਤੀ ਹੈ।
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ। (ਤੁਖਾਰੀ ਛੰਤ ਮਹਲਾ ੪, ਪੰਨਾ ੧੧੧੪)
ਹੋਰ ਫੁਰਮਾਨ ਹੈ--
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਵਡਹੰਸ ਮਹਲਾ ੧ ਘਰੁ ੨, ਪੰਨਾ ੫੫੮)

ਇਸ ਤਰਾਂ ਇਹ ਵਿਦਵਾਨ ਆਖਦੇ ਨੇ ਕਿ ਸੀਸ ਭੇਟਾ ਕਰਨਾ ਤਾਂ ਇੱਕ ਅਲੰਕਾਰਕ ਬਿਰਤਾਂਤ ਹੈ। ਸੀਸ ਭੇਟ ਕਰਨ ਤੋਂ ਭਾਵ ਪੂਰੀ ਤਰਾਂ ਸਮਰਪਣ ਕਰਨਾ ਹੈ। ਸਾਡੇ ਆਧੁਨਿਕ ਵਿਦਵਾਨਾਂ ਨੂੰ ਇਹ ਤੀਸਰੀ ਵਿਆਖਿਆ ਜਿਆਦਾ ਠੀਕ ਲੱਗਦੀ ਹੈ।

ਇਸ ਤਰਾਂ ਦੀ ਵਿਚਾਰ-ਚਰਚਾ ਵਿੱਚ ਹੀ ਮੇਰਾ ਮਨ ਵੀ ਡਾਵਾਂਡੋਲ ਸੀ। ਮੈਂ ਸਾਇੰਸ ਮਾਸਟਰ ਰਿਹਾ ਹੋਣ ਕਰਕੇ ਵਿਗਿਆਨਕ ਸੋਚ ਦਾ ਧਾਰਨੀ ਸੀ ਤੇ ਮੈਨੂੰ ਪਹਿਲੀ ਵਿਚਾਰਧਾਰਾ ਨਾਲ ਸਹਿਮਤ ਹੋਣਾ ਔਖਾ ਲੱਗਦਾ ਸੀ, ਦੂਸਰੀ ਵਿੱਚ ਕਹਿਣੀ-ਕਰਨੀ ਵੱਖਰੀ ਹੋਣ ਵਾਲੀ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਸੀ। ਇਸ ਤਰਾਂ ਮੈ ਤੀਸਰੀ ਵਿਚਾਰਧਾਰਾ ਨਾਲ ਹੀ ਵਧੇਰੇ ਸਹਿਮਤ ਸੀ, ਪਰ ਸਿੱਖੀ ਸਿਦਕ ਨੂੰ ਸਾਹਮਣੇ ਰੱਖ ਕੇ ਅਤੇ ਇਤਿਹਾਸ ਵਿਚੋਂ ਹੋਰ ਕਾਫੀ ਉਦਾਹਰਣਾਂ ਯਾਦ ਆਉਂਦੀਆਂ ਤਾਂ ਮਨ ਡੋਲ ਜਾਂਦਾ । ਅਤੇ ਲੱਗਦਾ ਕਿ ਕਿਧਰੇ ਸਾਨੂੰ ਹੀ ਸਮਝ ਨਾ ਲੱਗੀ ਹੋਵੇ।

ਵਾਹਿਗੁਰੂ ਜੀ ਦੀ ਕਲਾ ਵਰਤੀ ਕਿ ਮੇਰੇ ਨਾਲ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਉਪਰੋਕਤ ਸਵਾਲ ਦੀ ਮੇਰੀ ਉਲਝਣ ਹੀ ਦੂਰ ਕਰ ਦਿੱਤੀ। ਉਹ ਘਟਨਾ ਵੀ ਸਾਂਝੀ ਕਰਦਾ ਹਾਂ।

ਅਪ੍ਰੈਲ 2020 ਵਿੱਚ ਅਸੀਂ ਬੇਟੇ ਦਾ ਵਿਆਹ ਰੱਖ ਲਿਆ । ਅਜੇ ਲਾਕਡਾਊਨ ਆਦਿ ਨਹੀਂ ਸੀ ਲੱਗਿਆ। ਅਸੀਂ ਲੱਗ ਗਏ ਵਿਆਹ ਦੀਆਂ ਤਿਆਰੀਆਂ ਕਰਨ। ਮੇਰੇ ਵਿੱਚ ਕੁਝ ਸਿੱਖੀ ਦਾ ਜਿੰਨਾ ਕੁ ਅੰਸ਼ ਸੀ, ਉਹ ਤਾਂ ਅਸਲ ਵਿੱਚ ਮਾਲਕ ਹੀ ਜਾਣਦਾ ਸੀ, ਪਰ ਆਲੇ ਦੁਆਲੇ ਰਿਸ਼ਤੇਦਾਰਾਂ ਅਤੇ ਦੋਸਤ ਮਿੱਤਰਾਂ ਤੇ (ਚੰਗੀ ਜਾਂ ਮਾੜੀ ਕਿਸਮਤ ਨੂੰ) ਇੱਕ ਵਧੀਆ ਗੁਰਸਿੱਖ ਹੋਣ ਦਾ ਪ੍ਰਭਾਵ ਬਣਿਆ ਹੋਇਆ ਸੀ, ਇਹ ਆਪਣੇ ਸੂਖਮ ਹੰਕਾਰ ਨੂੰ ਤਾਂ ਵਧਾ ਹੀ ਦਿੰਦਾ ਏ।---ਖ਼ੈਰ, ਇਸੇ ਕਾਰਨ ਇੱਕ ਖਿਆਲ ਆਇਆ ਮਨ ਵਿੱਚ ਕੁਝ ਨਵਾਂ ਕਰਨ ਦਾ। ਨੂੰਹ ਰਾਣੀ ਪਹਿਲਾਂ ਹੀ ਅੰਮ੍ਰਿਤਧਾਰੀ ਸੀ, ਕੁਝ ਮੇਰੀ ਪ੍ਰੇਰਨਾ ਕਾਰਨ, ਕੁਝ ਬਹੂ ਦੇ ਅੰਮ੍ਰਿਤਧਾਰੀ ਹੋਣ ਕਾਰਨ ਬੇਟੇ ਦਾ ਮਨ ਵੀ ਅੰਮ੍ਰਿਤ ਛਕਣ ਦਾ ਬਣ ਚੁੱਕਿਆ ਸੀ। ਨਿਸ਼ਚਿਤ ਇਹ ਹੋਇਆ ਕਿ ਕੈਨੇਡਾ ਤੋਂ ਆਉਂਦੇ ਹੀ ਵਿਸਾਖੀ ਵਾਲੇ ਦਿਨ ਬੇਟਾ ਵੀ ਅੰਮ੍ਰਿਤ ਛਕ ਲਵੇਗਾ। ਮੇਰੇ ਮਨ ਚ ਨਵਾਂ ਫੁਰਨਾ ਇਹ ਆਇਆ ਕਿ ਬੇਟੇ ਦੇ ਅੰਮ੍ਰਿਤ ਛਕਣ ਵਾਲੀ ਵੀਡੀਓ ਬਣਾਈ ਜਾਵੇ । ਇੱਕ ਵੀਡੀਓ ਬੇਟੇ ਅਤੇ ਨੂੰਹ ਨੂੰ ਖਾਲਸਾਈ ਬਾਣੇ ਵਿੱਚ ਕੁਝ ਸੇਵਾ ਕਰਦਿਆਂ ਦੀ ਬਣਵਾ ਲਈ ਜਾਵੇ ਅਤੇ ਵਿਆਹ ਵਾਲੇ ਦਿਨ ਜਿੱਥੇ ਆਮ ਲੋਕ ਪ੍ਰੀ-ਵੈਡਿੰਗ ਸਕਰੀਨ ਤੇ ਚਲਾਉਂਦੇ ਹਨ, ਇਹ ਵੀਡੀਓ ਚਲਾਈ ਜਾਵੇ। ਇਸ ਨਾਲ ਜਿੱਥੇ ਆਪਣਾ ਪ੍ਰਭਾਵ ਤਾਂ ਵਧੀਆ ਪਵੇਗਾ ਹੀ, ਨਾਲ ਹੀ ਹੋਰ ਲੋਕ ਵੀ ਪ੍ਰੇਰਿਤ ਹੋਣਗੇ ਅਤੇ ਹੋ ਸਕਦਾ ਏ, ਕੁਝ ਲੋਕ ਇਸ ਤਰਾਂ ਸਿੱਖੀ ਨਾਲ ਜੁੜਨ ਵੀ । ਮੈਂ ਇਸ ਨਵੀਂ ਖੋਜ ਨਾਲ ਆਪਣੇ ਆਪ ਤੇ ਮਾਣ ਜਿਹਾ ਮਹਿਸੂਸ ਕੀਤਾ। ਅਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਆਰੰਭ ਕਰਦਿਆਂ ਗੁਰਦੁਆਰਾ ਆਲਮਗੀਰ ਸਾਹਿਬ ,(ਜਿੱਥੇ ਬੇਟੇ ਨੇ ਅੰਮ੍ਰਿਤ ਛਕਣਾ ਸੀ, ) ਦੇ ਮੈਨੇਜਰ ਸਾਹਿਬ ਨੂੰ ਫੋਨ ਲਗਾ ਲਿਆ ਅਤੇ ਆਪਣੀ ਇੱਛਾ ਦੱਸਦੇ ਹੋਏ, ਅੰਮ੍ਰਿਤ ਸੰਚਾਰ ਸਮੇਂ ਵੀਡੀਓ ਬਣਾ ਲੈਣ ਦੇਣ ਦੀ ਆਗਿਆ ਮੰਗੀ। ਮੈਨੇਜਰ ਸਾਹਿਬ ਨੇ ਬੜੇ ਧੀਰਜ ਨਾਲ ਇਨਕਾਰ ਕਰਦਿਆਂ ਕਿਹਾ, ਕਲਗੀਧਰ ਪਾਤਸ਼ਾਹ ਨੇ ਸਿੱਖਾਂ ਦੀ ਭੇਟਾ ਪਰਦੇ ਵਿੱਚ ਲਈ ਸੀ। ਸੀਸ ਭੇਟ ਕਰਕੇ ਪ੍ਰੇਮ ਖੇਲਣ ਦੇ ਇਸ ਅਗੰਮੀ ਵਰਤਾਰੇ ਨੂੰ ਖੁੱਲੇ ਰੂਪ ਵਿੱਚ ਨਹੀਂ ਦਿਖਾਇਆ ਜਾ ਸਕਦਾ ਅਤੇ ਨਾ ਹੀ ਫਿਲਮ ਬਣਾਈ ਜਾ ਸਕਦੀ ਹੈ। ਇਹ ਰੂਹਾਨੀ ਰਮਜ ਦੀ ਗੱਲ ਹੈ ਇਸ ਨੂੰ ਦਿਖਾਵੇ ਵਿੱਚ ਨਹੀਂ ਲਿਆ ਜਾ ਸਕਦਾ।ਜਵਾਬ ਸੁਣ ਕੇ ਮੈਂ ਸੁੰਨ ਹੋ ਗਿਆ। ਉਹਨਾਂ ਤੋਂ ਇੱਕਦਮ ਮੁਆਫੀ ਮੰਗੀ। ਬਾਅਦ ਵਿੱਚ ਕਿੰਨੀ ਦੇਰ ਇਸ ਵਿਸ਼ੇ ਤੇ ਸੋਚੀ ਗਿਆ ਕਿ ਅਸੀਂ ਕਿੰਨੇ ਮੂਰਖ ਹਾਂ, ਜੋ ਧਾਰਮਿਕ ਬਣਨਾ ਨਹੀ ਚਾਹੁੰਦੇ, ਪਰ ਧਾਰਮਿਕ ਬਣ ਕੇ ਦਿਖਾਉਣਾ ਚਾਹੁੰਦੇ ਹਾਂ। ਇਹ ਮੈਨੂੰ ਕੀ ਹੋ ਗਿਆ ਸੀ ?? ਆਪਣੇ ਆਪ ਨੂੰ ਲਾਹਣਤਾਂ ਪਾਈਆਂ ਅਤੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਜੋ ਉਹਨਾਂ ਮੈਨੇਜਰ ਸਾਹਿਬ ਰਾਹੀਂ ਸੱਚ ਦੀ ਸੋਝੀ ਕਰਵਾ ਦਿੱਤੀ ਸੀ। ਜਿਸ ਗੱਲ ਨੂੰ ਦਸਵੇਂ ਪਾਤਸ਼ਾਹ ਨੇ ਪਰਦੇ ਵਿੱਚ ਰੱਖਿਆ ਸੀ, ਮੈਂ ਕੌਣ ਹੁੰਦਾ ਹਾਂ ਉਸ ਨੂੰ ਸਭ ਦੇ ਸਾਹਮਣੇ ਪੇਸ਼ ਕਰਨ ਵਾਲਾ ???

ਹੁਣ ਇਹ ਸਵਾਲ ਮਨ ਚੋਂ ਖੰਭ ਲਾ ਕੇ ਉੱਡ ਗਿਆ ਕਿ ਗੁਰੂ ਜੀ ਨੇ ਵਿਸਾਖੀ ਵਾਲੇ ਦਿਨ ਕੀ ਕੀਤਾ ਹੋਏਗਾ ?? ਗੁਰੂ ਪਾਤਸ਼ਾਹ ਨੇ ਬਖਸ਼ਿਸ਼ ਕਰਕੇ ਆਪ ਹੀ ਗੁਰਬਾਣੀ ਦੀਆਂ ਇਹ ਪੰਕਤੀਆਂ ਸਾਹਮਣੇ ਲੈ ਆਂਦੀਆਂ----
ਗੁਰ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚ ਸਮਾਵਹੁ ॥..(ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ ੯੩੩)
(ਤੂੰ ਉਹ ਕੰਮ ਕਰ, ਜੋ ਗੁਰੂ ਜੀ ਆਖਦੇ ਹਨ। ਤੂੰ ਗੁਰਾਂ ਦੇ ਕੰਤਕਾਂ ਦੇ ਮਗਰ ਕਿਉਂ ਭੱਜਦਾ ਹੈਂ, ਜੋ ਕਿ ਅਗਾਧ ਹਨ। ਹੇ ਨਾਨਕ !ਗੁਰਾਂ ਦੇ ਉਪਦੇਸ਼ ਦੁਆਰਾ ਤੂੰ ਸੱਚੇ ਸਾਹਿਬ ਅੰਦਰ ਲੀਨ ਹੋ ਜਾ।)

ਮਨ ਵਿੱਚ ਇੱਕ ਸੰਤੁਸ਼ਟੀ ਆ ਗਈ ਸੀ। ਸੱਚਮੁੱਚ ਸਾਨੂੰ ਗੁਰੂ ਦੀ ਕਰਨੀ ਬਾਰੇ ਨਹੀਂ ਸੋਚਣਾ ਚਾਹੀਦਾ, ਸਗੋਂ ਜੋ ਗੁਰੂ ਜੀ ਨੇ ਉਪਦੇਸ਼ ਦਿੱਤੇ ਹਨ, ਉਹ ਹੀ ਮਨ ਵਿਚ ਵਸਾ ਕੇ ਉਹਨਾਂ ਤੇ ਅਮਲ ਕਰਨਾ ਚਾਹੀਦਾ ਹੈ। ਵਾਹਿਗੁਰੂ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਕੀਤਾ ਜਿਸ ਨੇ ਭਰਮ ਅਤੇ ਦੁਬਿਧਾ ਦੇ ਬੱਦਲ ਮਨ ਦੇ ਅੰਬਰ ਤੋਂ ਦੂਰ ਕਰ ਦਿੱਤੇ ਸਨ ॥

# ਚੋਣ ਮੈਨੀਫੈਸਟੋ - ਗਰੰਟੀਆਂ ਦਾ ਦੌਰ



ਗੁਰਮੀਤ ਸਿੰਘ ਪਲਾਹੀ

ਲੋਕ ਸਭਾ ਚੋਣਾਂ-2024 ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਚੋਣ ਮੈਨੀਫੈਸਟੋ ਜਨਤਾ ਸਾਹਮਣੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤਾਂ ਪਹਿਲਾਂ ਹੀ ਲੋਕਾਂ ਨੂੰ ਗਰੰਟੀਆਂ ਦੇ ਰਹੀ ਹੈ, ਪ੍ਰਚਾਰ ਕਰ ਰਹੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਸਬੰਧੀ ਵੱਡੇ ਦਾਅਵੇ ਪੇਸ਼ ਕਰ ਰਹੀ ਹੈ। ਦੇਸ਼ ਦੀਆਂ ਕੌਮੀ ਸਿਆਸੀ ਪਾਰਟੀਆਂ ਅਤੇ ਇਲਾਕਾਈ ਦਲ ਵੀ ਆਪਣੇ ਚੋਣ ਘੋਸ਼ਣਾ ਪੱਤਰ ਜਾਰੀ ਕਰ ਰਹੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫੈਸਟੋ ਦਾ ਸ਼ਿੰਗਾਰ, "ਪੰਜ ਇਨਸਾਫ" ਅਤੇ ਪੱਚੀ ਵਾਅਦੇ ਹਨ। ਇਸ ਘੋਸ਼ਣਾ ਪੱਤਰ ਵਿੱਚ ਨੌਜਵਾਨਾਂ ਲਈ ਇਨਸਾਫ, ਨਾਰੀ ਲਈ ਇਨਸਾਫ, ਕਿਸਾਨਾਂ ਲਈ ਇਨਸਾਫ, ਮਜ਼ਦੂਰਾਂ ਲਈ ਇਨਸਾਫ ਅਤੇ ਹਿੱਸੇਦਾਰੀ ਦਾ ਇਨਸਾਫ ਮੁੱਖ ਥੰਮ ਹਨ। ਇਹਨਾਂ ਪੰਜਾਂ ਥੰਮਾਂ ਦੇ ਅੰਦਰ ਹੀ ਪੰਜ ਗਰੰਟੀਆਂ ਸ਼ਾਮਲ ਹਨ।

ਕਾਂਗਰਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇੱਕ ਰਾਸ਼ਟਰੀ, ਇੱਕ ਚੋਣ ਦੇ ਹੱਕ 'ਚ ਨਹੀਂ। ਉਹ ਲੋਕਤੰਤਰ ਬਚਾਉਣ ਲਈ ਸੰਘਰਸ ਕਰਦੀ ਰਹੇਗੀ। ਉਹ ਨਫ਼ਰਤੀ ਸਿਆਸਤ ਉਤੇ ਰੋਕ ਲਗਾਏਗੀ।

ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸਦਾ ਘੋਸ਼ਣਾ ਪੱਤਰ ਕੰਮ, ਦੌਲਤ ਅਤੇ ਭਲਾਈ ਲਈ ਸਰਕਾਰੀ ਸਕੀਮਾਂ ਦੇ ਵੱਧ ਤੋਂ ਵੱਧ ਫਾਇਦੇ ਲੋਕਾਂ ਨੂੰ ਦੇਣ ਦਾ ਯਤਨ ਕਰੇਗੀ। ਕਾਂਗਰਸ ਨੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਈ.ਡੀ., ਸੀ.ਬੀ.ਆਈ., ਪੁਲਿਸ 'ਤੇ ਛਿਕੰਜਾ ਕਸੇਗੀ ਅਤੇ ਸਖ਼ਤੀ ਨਾਲ ਕਾਨੂੰਨ ਦੇ ਅਨੁਸਾਰ ਕੰਮ ਕਰਨ ਲਈ ਉਹਨਾ ਨੂੰ ਕਹੇਗੀ। ਉਹ ਦਲਬਦਲ ਨੂੰ ਨੱਥ ਪਾਏਗੀ ਅਤੇ ਦਲਬਦਲ ਕਰਨ 'ਤੇ ਖ਼ੁਦ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰੀ ਖ਼ਤਮ ਹੋਣ ਦਾ ਕਾਨੂੰਨ ਪਾਸ ਕਰੇਗੀ। ਫ਼ਸਲਾਂ ਲਈ ਘੱਟੋ-ਘੱਟ ਮੁੱਲ, ਜਾਤੀ ਗਣਨਾ ਅਤੇ ਗਰੀਬ ਔਰਤਾਂ ਲਈ ਇੱਕ ਲੱਖ ਰੁਪਏ ਅਤੇ ਮਗਨਰੇਗਾ ਮਜ਼ਦੂਰਾਂ ਲਈ 400 ਰੁਪਏ ਦਿਹਾੜੀ, 25 ਲੱਖ ਰੁਪਏ ਤੱਕ ਸਭ ਲਈ ਮੁਫ਼ਤ ਇਲਾਜ, ਬਜ਼ੁਰਗਾਂ ਲਈ ਰੇਲਵੇ 'ਚ ਰਿਆਇਤ ਆਦਿ ਸਹੂਲਤਾਂ ਦਾ ਵਾਅਦਾ ਇਸ ਘੋਸ਼ਣਾ ਪੱਤਰ 'ਚ ਸ਼ਾਮਲ ਹੈ।

ਭਾਜਪਾ ਦੀਆਂ ਗਰੰਟੀਆਂ ਵਿੱਚ ਸਾਰਿਆਂ ਲਈ ਘਰ, ਸੌ ਫ਼ੀਸਦੀ ਬਿਜਲੀਕਰਨ, 5 ਲੱਖ ਦਾ ਮੁਫ਼ਤ ਇਲਾਜ ਆਦਿ ਸ਼ਾਮਲ ਹਨ। ਇੱਕ ਦੇਸ਼, ਇੱਕ ਚੋਣ ਭਾਜਪਾ ਦਾ ਵਾਇਦਾ ਹੈ। ਭਾਜਪਾ ਦਾ ਸੰਕਲਪ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਆਤੰਕਵਾਦ ਦਾ ਖ਼ਾਤਮਾ, ਕਿਸਾਨ ਕਲਿਆਣ ਦਾ ਤਾਂ ਰਿਹਾ ਹੀ ਹੈ, 370 ਦੇ ਖ਼ਾਤਮੇ, ਨਾਗਰਿਕਤਾ ਸੋਧ ਬਿੱਲ ਲਾਗੂ ਕਰਨ ਸਮੇਤ ਧਾਰਾ 370 ਖ਼ਤਮ ਕਰਨਾ ਵੀ ਰਿਹਾ ਹੈ।

ਦੇਸ਼ ਦੀ ਹਾਕਮ ਧਿਰ ਅਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵਲੋਂ ਪਿਛਲੇ 77 ਸਾਲ ਤੋਂ ਦੇਸ਼ ਉਤੇ ਰਾਜ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਆਮ ਤੌਰ ਤੇ ਗਰੀਬਾਂ ਦੇ ਕਲਿਆਣ ਲਈ ਯੋਜਨਾਵਾਂ ਵੱਡੇ ਪੱਧਰ ਉਤੇ ਉਲੀਕੀਆਂ ਗਈਆਂ ਹਨ। ਇਹ ਯੋਜਨਾਵਾਂ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਦੱਸਿਆ ਜਾ ਰਿਹਾ ਹੈ, ਕਿਉਂਕਿ ਗਰੀਬ ਲੋਕ ਹੀ ਅਸਲ 'ਚ ਉਹਨਾ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਉਹਨਾ ਨੂੰ ਹੀ ਉਹ ਮੁੱਖ ਰੂਪ 'ਚ ਆਪਣੇ ਵੋਟਰ ਗਿਣਦੇ ਹਨ।

ਪਰ ਸਵਾਲ ਉੱਠਦਾ ਹੈ ਕਿ ਦੇਸ਼ ਦੀਆਂ ਵੱਡੀਆਂ ਪਾਰਟੀਆਂ ਵਲੋਂ ਕੀਤੇ ਵੱਡੇ ਵਾਇਦੇ ਕੀ ਲੋਕਾਂ ਦੀ ਆਮ ਜ਼ਿੰਦਗੀ ਸੁਧਾਰ ਸਕੇ ਹਨ ? ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਵਰਗੇ ਸ਼ਬਦਾਂ ਨੂੰ ਤਾਂ ਦੇਸ਼ ਦੇ ਲੋਕ ਇੱਕ ਗਹਿਣੇ ਵਜੋਂ ਪਹਿਨਣ ਲਈ ਮਜ਼ਬੂਰ ਹੀ ਹੋ ਚੁੱਕੇ ਹਨ।

ਇੱਕ ਚੋਟੀ ਦੇ ਪੱਤਰਕਾਰ ਵਲੋਂ ਕੀਤਾ ਗਿਆ ਇੱਕ ਸਧਾਰਨ ਜਿਹਾ ਸਰਵੇ ਅੱਖਾਂ ਖੋਹਲਣ ਵਾਲਾ ਹੈ। ਇਹ ਪੱਤਰਕਾਰ ਕਹਿੰਦੀ ਹੈ ਕਿ ਜਦ ਮੈਂ ਲੋਕਾਂ ਤੋਂ ਪੁੱਛਿਆ ਕਿ ਸਰਕਾਰੀ ਯੋਜਨਾਵਾਂ ਤੋਂ ਉਹਨਾ ਨੂੰ ਕਿਹੋ ਜਿਹੇ ਲਾਭ ਮਿਲੇ ਹਨ ਤਾਂ ਉਹਨਾ ਨੇ ਕਿਹਾ ਕਿ ਉਜਵਲਾ ਯੋਜਨਾ ਦੇ ਤਹਿਤ ਉਹਨਾ ਨੂੰ ਗੈਸ ਦੇ ਚੁੱਲ੍ਹੇ ਤਾਂ ਮਿਲੇ ਹਨ, ਲੇਕਿਨ ਇੱਕ ਸਿਲੰਡਰ ਅੱਜ 900 ਰੁਪਏ ਦਾ ਹੋ ਗਿਆ, ਜਿਸਨੂੰ ਖਰੀਦਣ ਲਈ ਉਹਨਾ ਦੀ ਔਕਾਤ ਨਹੀਂ ਰਹੀ। ਲੋਕ ਹਾਲੇ ਵੀ ਲਕੜੀਆਂ ਨਾਲ ਪੁਰਾਣੇ ਚੁਲ੍ਹਿਆਂ 'ਤੇ ਖਾਣਾ ਪਕਾਉਂਦੇ ਹਨ।

ਹਰ ਇੱਕ ਲਈ ਮਕਾਨ ਦੀ ਗੱਲ ਤਾਂ ਦੇਸ਼ ਦੀ ਹਰ ਪਾਰਟੀ ਕਰਦੀ ਹੈ, ਪਰ ਵੱਡੇ ਸ਼ਹਿਰਾਂ ਨੂੰ ਪਹੁੰਚਦੀਆਂ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਦੇਖੋ, ਜਿਥੇ ਘਰ ਧਰਤੀ ਉਤੇ ਨਹੀਂ ਕੂੜੇ ਉਤੇ ਬਣਾਏ ਹੋਏ ਹਨ, ਉਹ ਵੀ ਕਬਾੜਾ ਪਲਾਸਟਿਕ ਦੀਆਂ ਸ਼ੀਟਾਂ ਅਤੇ ਫਟੇ ਪੋਸਟਰਾਂ ਤੋਂ।

ਮਕਾਨਾਂ ਦੇ ਨਾਲ ਟਾਇਲਟ ਦੀ ਗੱਲ ਤਾਂ ਦੂਰ ਦੀ ਹੈ, ਇਥੇ ਵਸਦੇ ਲੋਕਾਂ ਲਈ ਪਾਣੀ ਦੀ ਉਪਲੱਬਧਤਾ ਹੀ ਅਤਿਅੰਤ ਔਖੀ ਹੈ। ਯੂਨੀਸੈਫ ਨੇ 18 ਮਾਰਚ 2021 ਨੂੰ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ 9.14 ਕਰੋੜ ਲੋਕ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਭਾਰਤ ਉਹਨਾ 37 ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਪਾਣੀ ਦਾ ਸੰਕਟ ਅਤਿਅੰਤ ਗੰਭੀਰ ਹੈ। ਦੇਸ਼ 'ਚ ਸਿਹਤ ਸਹੂਲਤਾਂ ਦੀ ਕਮੀ ਦਾ ਪ੍ਰਤੱਖ ਸਬੂਤ ਤਾਂ ਅਸੀਂ ਕਰੋਨਾ ਸਮੇਂ ਵੇਖ ਹੀ ਚੁਕੇ ਹਾਂ।

ਅੱਜ ਜਦੋਂ ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਦਾ ਪਸਾਰਾ ਵੱਧ ਰਿਹਾ ਹੈ। ਅਰਾਮਦੇਹ ਲਗਜ਼ਰੀ ਚੀਜ਼ਾਂ ਦੀ ਵਰਤੋਂ ਦੀ ਦੌੜ, ਅਮੀਰ ਤੇ ਵਿਚਕਾਰਲੇ ਵਰਗ ਦੀ ਲੱਗੀ ਹੋਈ ਹੈ, ਤਾਂ ਇਵੇਂ ਲਗਦਾ ਹੈ ਕਿ ਦੇਸ਼ ਬਦਲ ਰਿਹਾ ਹੈ, ਵਿਕਾਸ ਕਰ ਰਿਹਾ ਹੈ, ਪਰ ਤਸਵੀਰ ਦਾ ਦੂਸਰਾ ਪਾਸਾ ਧੁੰਦਲਾ ਨਹੀਂ, ਕਾਲਾ ਹੈ। ਇਸ ਸਬੰਧ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਚੁੱਪੀ ਵੱਟੀ ਬੈਠੇ ਹਨ।

ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਤਾਂ ਆਪਣੇ ਘੋਸ਼ਣਾ ਪੱਤਰਾਂ ਵਿੱਚ ਵਾਇਦੇ ਕਰਦੀਆਂ ਸਨ, ਲੋਕ ਭਲਾਈ ਸਕੀਮਾਂ ਲਾਗੂ ਕਰਨ ਦੇ ਵਚਨ ਦਿੰਦੀਆਂ ਸਨ, ਪਰ ਹੁਣ ਤਾਂ ਗਰੰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ, ਜਿਵੇਂ ਉਹ ਆਪਣੇ ਉਤਪਾਦ ਵੇਚ ਰਹੀਆਂ ਹੋਣ। ਉਂਜ ਵੇਖਣ, ਵਾਚਣ ਦੀ ਗੱਲ ਤਾਂ ਇਹ ਹੈ ਕਿ ਨਿੱਜੀਕਰਨ, ਵਪਾਰੀਕਰਨ ਦੇ ਦੌਰ ਵਿੱਚ ਮਾਲ ਵੇਚਣ ਲਈ ਤਿੱਖੇ ਪ੍ਰਚਾਰ ਸਾਧਨਾਂ ਦੀ ਲੋੜ ਵੀ ਪੈਣੀ ਹੀ ਸੀ, ਸੋ ਸਿਆਸੀ ਪਾਰਟੀਆਂ ਆਪਣੇ ਗਾਹਕਾਂ (ਵੋਟਰਾਂ) ਨੂੰ ਗਰੰਟੀਆਂ ਦੇ ਕੇ ਰਾਜ ਸੰਘਾਸਨ 'ਤੇ ਬੈਠਣ ਦਾ ਰਾਸਤਾ ਅਪਨਾ ਚੁੱਕੀਆਂ ਹਨ। ਸਿਆਸਤ ਵਿਚੋਂ ਲੋਕ ਸੇਵਾ ਤਾਂ ਜਿਵੇਂ ਹੁਣ ਮਨਫ਼ੀ ਹੋ ਗਈ ਹੈ, ਗਰੰਟੀਆਂ ਦੇ ਵਰਤਾਰੇ ਨਾਲ।

ਚੋਣਾਂ 'ਚ ਵਪਾਰੀਕਰਨ ਦੇ ਦੌਰ ਨੇ ਜਿਥੇ ਸਿੱਖਿਆ ਦਾ ਮੰਤਵ ਬਦਲ ਦਿੱਤਾ, ਅਤੇ ਇਸਨੂੰ ਜਿਵੇਂ ਵਪਾਰ ਤੱਕ ਸੀਮਤ ਕਰ ਦਿੱਤਾ ਹੈ, ਇਵੇਂ ਹੀ ਮਨੁੱਖ ਦੀਆਂ ਭਾਸ਼ਾਵਾਂ, ਜੋ ਉਸਦੇ ਵਿਅਕਤੀਤਵ ਦੇ ਉਭਾਰ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਨ, ਉਸ ਉਤੇ ਵੀ ਟੋਕਾ ਫੇਰ ਦਿੱਤਾ ਹੈ। ਭਾਸ਼ਾਵਾਂ ਨੂੰ ਕਾਰੋਬਾਰ ਦੀ ਭਾਸ਼ਾ ਨਾਲ ਜੋੜਕੇ, ਖਿੱਤਿਆਂ ਦੇ ਸਭਿਆਚਾਰ ਨੂੰ ਖੋਰਾ ਲਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ। ਮਨੁੱਖ ਹੱਥੋਂ ਰੁਜ਼ਗਾਰ ਖੋਹਕੇ ਮੁਫ਼ਤ ਅਨਾਜ, ਸਹੂਲਤਾਂ ਦੇਣ ਦਾ ਵਰਤਾਰਾ "ਲੋਕ ਭਲਾਈ" ਦੇ ਪੱਲੇ ਸਿਆਸਤਦਾਨਾਂ ਤੇ ਸਿਆਸੀ ਪਾਰਟੀਆਂ ਨੇ ਬੰਨ੍ਹ ਦਿੱਤਾ ਹੈ, ਜਿਸ ਨਾਲ ਉਹ ਲੋਕ ਮਨਾਂ ਨਾਲ ਖਿਲਵਾੜ ਕਰਦੇ ਹਨ, ਉਹਨਾ ਦੇ ਮਨਾਂ 'ਚ ਹੀਣਤਾ ਪੈਦਾ ਕਰਦੇ ਹਨ।

ਕੀ ਕਦੇ ਦੇਸ਼ ਦੇ ਸਿਆਸਤਦਾਨਾਂ ਨੇ ਸੋਚਿਆ ਹੈ ਕਿ ਦੇਸ਼ ਦੇ 80 ਕਰੋੜ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਅਤੇ ਲਗਾਤਾਰ ਦੇਣਾ ਕੀ ਲੋਕ ਮਨਾਂ 'ਚ ਹੀਣਤਾ ਪੈਦਾ ਨਹੀਂ ਕਰਦਾ ? ਕੀ ਹੱਥੀਂ ਕੰਮ, ਜਾਂ ਰੁਜ਼ਗਾਰ ਉਹਨਾ ਨੂੰ ਸਿਰ ਚੁੱਕਕੇ ਤੁਰਨ ਦੀ ਅਤੇ ਆਪਣੇ ਹੱਕਾਂ ਲਈ ਸਵਾਲ ਕਰਨ ਅਤੇ ਆਪਣੇ ਪੈਰੀਂ ਖੜੇ ਹੋਣ ਦੀ ਜਾਚ ਨਹੀਂ ਸਿਖਾਏਗਾ ? ਤਾਂ ਫਿਰ ਸਿਆਸੀ ਦਲ ਰੁਜ਼ਗਾਰ ਦੇ ਥਾਂ "ਮੁਫ਼ਤ ਅਨਾਜ ਜਾਂ ਸਹੂਲਤਾਂ" ਦੇਣ ਦੀਆਂ ਗਰੰਟੀਆਂ ਕਿਉਂ ਦੇ ਰਹੇ ਹਨ?

ਜਿੰਨੇ ਕੁ ਵੀ ਚੋਣ ਮੈਨੀਫੈਸਟੋ ਹੁਣ ਤੱਕ ਪਿਛਲੀਆਂ ਚੋਣਾਂ ਅਤੇ ਹੁਣ ਦੀਆਂ ਚੋਣਾਂ 'ਚ ਸਿਆਸੀ ਦਲਾਂ ਵਲੋਂ ਜਾਰੀ ਹੋਏ ਹਨ, ਉਹ ਸਿਆਸਤ ਵਿੱਚ ਪੈਸੇ ਦੀ ਵੱਡੀ ਵਰਤੋਂ, ਅਪਰਾਧੀਆਂ, ਢੁੱਠਾਂ ਵਾਲੇ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਦੇਣ ਬਾਰੇ ਗਰੰਟੀ ਕਿਉਂ ਨਹੀਂ ਦਿੰਦੇ ? ਯਾਦ ਰਹੇ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ 'ਚ ਲੋਕ ਸਭਾ, ਵਿਧਾਨ ਸਭਾ 'ਚ ਧੰਨ ਕੁਬੇਰਾਂ ਦੀ ਗਿਣਤੀ ਤਾਂ ਵਧ ਹੀ ਰਹੀ ਹੈ, ਪਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵੀ 46 ਫ਼ੀਸਦੀ ਤੱਕ ਬਿਆਨੀ ਗਈ ਹੈ ਅਤੇ ਲਗਭਗ ਸਾਰੀਆਂ ਪਾਰਟੀਆਂ ਉਤੇ ਧੰਨ ਕੁਬੇਰਾਂ, ਅਪਰਾਧੀਆਂ, ਕੁਝ ਪਰਿਵਾਰਕ ਮੈਂਬਰਾਂ ਦਾ ਕਬਜ਼ਾ ਹੋ ਚੁੱਕਾ ਹੈ। ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਵਿੱਚ ਅਰਬਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ ਜਾਂ ਵਧ ਰਹੀ ਹੈ। ਆਮ ਵਿਅਕਤੀ ਤਾਂ ਚੋਣਾਂ 'ਚ ਉਮੀਦਵਾਰ ਵਜੋਂ ਖੜੇ ਹੋਣ ਦੀ ਸੋਚ ਵੀ ਨਹੀਂ ਸਕਦਾ।

ਜਿਵੇਂ ਸਿਆਸਤਦਾਨਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਸਿਆਸਤਦਾਨਾਂ ਉਤੇ ਅਪਰਾਧਿਕ ਮੁਕੱਦਮੇ ਦਰਜ਼ ਹੋ ਰਹੇ ਹਨ, ਜਿਵੇਂ ਸਿਆਸੀ ਆਗੂਆਂ ਉਤੇ ਪਰਿਵਾਰਵਾਦ ਭਾਰੂ ਹੈ, ਜਿਵੇਂ ਚੋਣਾਂ ਜਿੱਤਕੇ ਹਾਕਮ ਧਿਰ, ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਹ ਵਰਤਾਰਾ ਦੇਸ਼ ਦੀ ਸਿਆਸੀ ਨੈਤਿਕਤਾ ਉਤੇ ਸਵਾਲ ਖੜੇ ਕਰ ਰਿਹਾ ਹੈ।

ਸਿਆਸੀ ਧਿਰਾਂ ਵਲੋਂ ਲੋਕਾਂ ਲਈ ਭਲਾਈ ਸਕੀਮਾਂ ਲਾਗੂ ਕਰਨ ਦਾ ਵਾਇਦਾ ਕਰਨਾ ਗੈਰਕੁਦਰਤੀ ਨਹੀਂ। ਪਰ ਹਾਕਮ ਬਣਕੇ ਉਹਨਾ ਦੀ ਪੂਰਤੀ ਨਾ ਕਰਨਾ ਨਿਰਾ ਅਨਿਆ ਹੈ, ਗੁਨਾਹ ਹੈ।

ਹੁਣ ਤਾਂ ਮੰਗ ਉੱਠਣ ਲੱਗੀ ਹੈ ਕਿ ਚੋਣ ਵਾਇਦੇ ਗਰੰਟੀਆਂ ਕਾਨੂੰਨ ਦਸਤਾਵੇਜ ਬਣਨ ਅਤੇ ਸਿਆਸੀ ਪਾਰਟੀਆਂ ਵਲੋਂ ਇਹਨਾ ਦੀ ਪੂਰਤੀ ਨਾ ਕੀਤੇ ਜਾਣ 'ਤੇ ਉਹਨਾ ਦੀ ਅਦਾਲਤੀ ਨਿਗਰਾਨੀ ਅਤੇ ਜਵਾਬਦੇਹੀ ਹੋਵੇ ਅਤੇ ਉਹ ਸਿਰਫ਼ "ਅੰਕੜਿਆਂ ਦੀ ਖੇਡ" ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬੀ ਗੀਤਕਾਰੀ ਦੇ ਵਿਹੜੇ ਦਾ ਸੱਗੀ ਫੁੱਲ ਗੀਤਕਾਰ ਚਤਰ ਸਿੰਘ ਪਰਵਾਨਾ

– ਪੰਜਾਬੀ ਗੀਤਕਾਰੀ ਦੇ ਵਿਹੜੇ ਦੀ ਫੁਲਵਾੜੀ ਦੇ ਫੁੱਲ, ਸੈਂਕੜੇ ਨਹੀਂ ਸਗੋਂ ਹਜ਼ਾਰਾਂ ਗੀਤਾਂ ਦਾ ਰਚੇਤਾ ਗੀਤਕਾਰ ਚਤਰ ਸਿੰਘ ਪਰਵਾਨਾ ਦਾ ਨਾਂ ਸੰਗੀਤਕ ਹਲਕਿਆਂ ਅੰਦਰ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ ਹੈ। ਸਰੋਤਿਆਂ ਨੂੰ ਦੱਸਣਾ ਤਾਂ ਬਣਦੈ ਕਿ ਇਹ ਫੁੱਲ ਅੱਜਕੱਲ੍ਹ ਮੁਰਝਾ ਰਿਹਾ ਪ੍ਰਤੀਤ ਹੁੰਦਾ ਹੈ। ਪੰਜਾਬੀ ਗਾਇਕੀ ਅਤੇ ਗੀਤਕਾਰੀ ਦਾ ਇਹ ਇੱਕ ਕੌੜਾ ਸੱਚ ਹੈ ਕਿ ਆਪਣੀ ਉਮਰ ਦੇ ਪਿਛਲੇ ਪੜਾਅ ਤੇ ਆ ਕੇ ਬਹੁਤੇ ਗਾਇਕ ਅਤੇ ਗੀਤਕਾਰ ਆਮ ਲੋਕਾਈ ਨਾਲੋਂ ਟੁੱਟ ਕੇ ਗੁੰਮਨਾਮ ਭਰੀ ਜ਼ਿੰਦਗੀ ਜਿਊਣ ਦੇ ਨਾਲ–ਨਾਲ ਤੰਗੀਆਂ ਤੁਰਸ਼ੀਆਂ ਦੀ ਜੰਗ ਲੜਦੇ ਵਿਖਾਈ ਦਿੰਦੇ ਹਨ। ਮੈਂ ਆਪਣੇ ਵਰ੍ਹਿਆਂ ਦੇ ਕਲਾਕਾਰਾਂ ਬਾਰੇ ਲਿਖਣ ਦੇ ਸਫ਼ਰ ਦੌਰਾਨ ਵੱਡੀ ਗਿਣਤੀ ਵਿੱਚ ਕਲਾਕਾਰਾਂ ਨੂੰ ਉਨ੍ਹਾਂ ਦੇ ਦਰਾਂ ਤੇ ਬੁਢਾਪੇ ਦੇ ਢੁੱਕਣ ਤੋਂ ਬਾਅਦ ਦੋ ਵਕਤ ਦੀ ਰੋਟੀ ਲਈ ਮੁਹਤਾਜ ਹੁੰਦੇ ਵੇਖਿਆ ਹੈ।

ਉਮਰ ਦੇ ਇਸ ਪੜਾਅ ਤੇ ਆ ਕੇ ਵੱਡੇ–ਵੱਡੇ ਫਨਕਾਰ ਵੀ ਆਪਣੀ ਸੰਘਰਸ਼ੀ ਜੰਗ ਹਾਰ ਗਏ। ਭਾਵੇਂ ਇਨ੍ਹਾਂ ਗੀਤਕਾਰਾਂ ਦੇ ਰਚੇ ਗੀਤਾਂ ਨੇ ਕਲਾਕਾਰਾਂ ਨੂੰ ਕਰੋੜਪਤੀ ਬਣਾ ਦਿੱਤਾ ਅਤੇ ਉਨ੍ਹਾਂ ਦੇ ਖੀਸੇ ਨੋਟਾਂ ਨਾਲ ਭਰ ਗਏ ਪਰ ਇਨ੍ਹਾਂ ਰਚਣਹਾਰਿਆਂ ਦੇ ਪੱਲੇ ਸਿਵਾਏ ਜ਼ਲਾਲਤ ਤੋਂ ਕੁਝ ਨਾ ਪਿਆ। ਗੀਤਕਾਰ ਦੇ ਲਿਖੇ ਗੀਤ ਤੋਂ ਕਲਾਕਾਰ ਗੱਡੀਆਂ ਚ ਸਵਾਰ ਹੋ ਗਏ ਪਰ ਗੀਤਕਾਰ ਨੂੰ ਸਾਈਕਲ ਵੀ ਜੁੜ ਨਾ ਸਕਿਆ। ਅਜਿਹਾ ਹੀ ਕੁਝ ਵਾਪਰ ਰਿਹਾ ਹੈ ਪੰਜਾਬੀ ਦੇ ਕਿਸੇ ਸਮੇਂ ਦੇ ਚੋਟੀ ਦੇ ਗੀਤਕਾਰ ਚਤਰ ਸਿੰਘ ਪਰਵਾਨਾ ਦੇ ਨਾਲ। ਇੱਕ ਸਮਾਂ ਸੀ ਜਦ ਚਤਰ ਸਿੰਘ ਪਰਵਾਨਾ ਦੇ ਘਰ ਦੀ ਦਲਦਲ ਦੇ ਬਾਹਰ ਕਲਾਕਾਰਾਂ ਅਤੇ ਚੰਗੀਆਂ ਰਿਕਾਰਡ ਕੰਪਨੀ ਵਾਲਿਆਂ ਦੀਆਂ ਗੱਡੀਆਂ ਦੀ ਕਤਾਰ ਹੁੰਦੀ ਸੀ ਅਤੇ ਉਨ੍ਹਾਂ ਸਮਿਆਂ ਵਿੱਚ ਉਸ ਦੇ ਘਰ ਚੋਟੀ ਦੇ ਕਲਾਕਾਰਾਂ ਦਾ ਮੇਲਾ ਭਰਦਾ ਸੀ।

ਸਿਆਣੇ ਆਖਦੇ ਨੇ ਕਿ ਸਮਾਂ ਬੜਾ ਬਲਵਾਨ ਹੁੰਦੈ, ਇਹ ਕਿਸੇ ਦੇ ਰੋਕਿਆਂ ਨਹੀਂ ਰੁਕਦਾ ਤੇ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਚਤਰ ਸਿੰਘ ਪਰਵਾਨਾ ਨੇ ਪੰਜਾਬੀ ਗੀਤਕਾਰੀ ਦੀ ਦੁਨੀਆਂ ਅੰਦਰ ਲਗਪਗ ਇੱਕ ਹਜ਼ਾਰ ਤੋਂ ਜ਼ਿਆਦਾ ਗੀਤ ਲਿਖ ਕੇ ਆਪਣਾ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਇਆ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਗੀਤਕਾਰੀ ਦਾ ਇਹ ਮਹਾਨ ਫ਼ਨਕਾਰ ਅੱਜਕੱਲ੍ਹ ਲੁਧਿਆਣਾ ਸ਼ਹਿਰ ਦੀ ਇੱਕ ਨੁੱਕਰੇ ਪੈਂਦੇ ਕਸਬਾ ਲੁਹਾਰਾ ਵਿਖੇ ਆਪਣੀ ਜ਼ਿੰਦਗੀ ਦੀ ਦਿਨ ਕਟੀ ਕਰ ਰਿਹਾ ਪ੍ਰਤੀਤ ਹੁੰਦਾ ਹੈ। ਸਿਰਫ਼ ਇੱਕ ਕਮਰੇ ਨੂੰ ਆਪਣੀ ਜ਼ਿੰਦਗੀ ਦਾ ਰੈਣ ਬਸੇਰਾ ਮੰਨ ਕੇ ਬਹੁਤੇ ਕਲਾਕਾਰਾਂ ਤੇ ਗਿਲਾ ਕਰਦਿਆਂ ਚਤਰ ਸਿੰਘ ਪਰਵਾਨਾ ਆਖਦਾ ਹੈ ਕਿ ਮੈਂ ਕਿਸੇ ਵੀ ਬੱਚੇ ਨੂੰ ਇਸ ਖੇਤਰ ਦਾ ਰਾਹੀ ਬਣਨ ਲਈ ਨਹੀਂ ਆਖਾਂਗਾ ਕਿਉਂਕਿ ਜੋ ਕੁਝ ਮੈਂ ਇਸ ਖੇਤਰ ਵਿਚ ਵੇਖਿਆ ਹੈ ਉਸ ਤੋਂ ਮੈਨੂੰ ਨਫ਼ਰਤ ਹੋ ਚੁੱਕੀ ਹੈ।



ਇੱਥੇ ਝੂਠ ਅਤੇ ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ। ਅਜਿਹੇ ਕੁਝ ਸ਼ਬਦ ਪਰਵਾਨੇ ਦੇ ਦਿਲ ਚੋਂ ਉੱਠੀ ਚੀਸ ਆਖੇ ਜਾ ਸਕਦੇ ਹਨ। ਕਈ ਕਲਾਕਾਰਾਂ ਤੇ ਗਿਲਾ ਕਰਦਿਆਂ ਪਰਵਾਨੇ ਦਾ ਆਖਣਾ ਸੀ ਕਿ ਉਸ ਦੇ ਪੈਸੇ ਮਾਰ ਗਏ। ਇਸ ਫ਼ਨਕਾਰ ਨੇ ਨੇ ਆਪਣੀ ਜ਼ਿੰਦਗੀ ਦੇ ਲਗਪਗ 40 ਵਰ੍ਹੇ ਪੰਜਾਬੀ ਗੀਤਕਾਰੀ ਨੂੰ ਦਿੱਤੇ ਅਤੇ ਬਦਲੇ ਵਿਚ ਅਸੀਂ ਉਸ ਨੂੰ ਬੁਢਾਪੇ ਦੀ ਕਗਾਰ ਤੇ ਜਾ ਕੇ ਮਹਿਜ਼ ਸਹਾਰਾ ਦੇਣ ਤੋਂ ਵੀ ਅਸਮਰੱਥ ਹੋ ਚੁੱਕੇ ਹਾਂ। ਲੰਘੇ ਸਮੇਂ ਨੱਬੇਵਿਆਂ ਤਕ ਪੰਜਾਬ ਦਾ ਕੋਈ ਵੀ ਅਜਿਹਾ ਕਲਾਕਾਰ ਨਹੀਂ ਸੀ ਜਿਸ ਨੇ ਪਰਵਾਨੇ ਦੇ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਨਾ ਦਿੱਤੀ ਹੋਵੇ। ਹਰਚਰਨ ਗਰੇਵਾਲ ਤੋਂ ਲੈ ਕੇ..... ਬਲਕਾਰ ਸਿੱਧੂ ਤਕ ਕਈ ਦਰਜਨ ਕਲਾਕਾਰਾਂ ਨੇ ਚਤਰ ਸਿੰਘ ਪਰਵਾਨਾ ਦੇ ਲਿਖੇ ਗੀਤਾਂ ਨੂੰ ਗਾਇਆ। ਫ਼ਰਜ਼ ਤਾਂ ਉਨ੍ਹਾਂ ਕਲਾਕਾਰਾਂ ਦਾ ਵੀ ਬਣਦਾ ਹੈ ਜਿਨ੍ਹਾਂ ਨੇ ਪਰਵਾਨੇ ਦੇ ਸਿਰ ਤੋਂ ਲੱਖਾਂ ਰੁਪਏ ਕਮਾ ਲਏ।

ਮਿੱਤਰਾਂ ਦਾ ਚੱਲਿਆ ਟਰੱਕ ਨੀ, ਸਮੇਤ ਕਿੰਨੇ ਹੀ ਚਤਰ ਸਿੰਘ ਪਰਵਾਨਾ ਦੀ ਕਲਮ ਚੋਂ ਨਿਕਲੇ ਗੀਤ ਸਮਾਜਿਕ ਤੌਰ ਤੇ ਪ੍ਰਵਾਨ ਚੜ੍ਹੇ। ਉਸਨੇ ਹਜ਼ਾਰਾਂ ਗੀਤ ਲਿਖੇ ਸ਼ੋਹਰਤ ਮਿਲੀ ਅਤੇ ਪੈਸਾ ਵੀ ਕਮਾਇਆ ਪਰ ਚਤਰ ਸਿੰਘ ਪਰਵਾਨਾ ਸਮੇਂ ਦੀ ਬਦਲ ਰਹੀ ਹਵਾ ਨੂੰ ਸਮਝ ਨਾ ਸਕਿਆ ਅਤੇ ਬਦਲੇ ਹਾਲਾਤਾਂ ਨੇ ਪਰਵਾਨੇ ਨੂੰ ਐਸਾ ਲਪੇਟਾ ਮਾਰਿਆ ਕਿ ਵੇਖਣ ਵਾਲੇ ਮੂੰਹ ਵਿੱਚ ਉਂਗਲਾਂ ਪਾ ਕੇ ਸੋਚਣ ਲਈ ਮਜਬੂਰ ਹੋ ਗਏ ਕਿ ਇਕ ਮਹਾਨ ਗੀਤਕਾਰ ਦਾ ਇਹ ਹਾਲ ਵੀ ਹੋ ਸਕਦਾ ਹੈ। ਕਿਸੇ ਸਮੇਂ ਹਜ਼ਾਰਾਂ ਦਿਲਾਂ ਦੀ ਧੜਕਣ ਬਣਿਆ ਪਰਵਾਨਾ ਅੱਜ ਇਕ ਕਮਰੇ ਅੰਦਰ ਇਕ ਮੰਜੀ ਅਤੇ ਇਕ ਸਟੀਲ ਦਾ ਗਲਾਸ ਲੈ ਕੇ ਕਿ ਜ਼ਿੰਦਗੀ ਦੀ ਵਾਟਾਂ–ਗਾਹੀ ਕਰਦਾ ਨਜ਼ਰੀਂ ਪੈਂਦਾ ਹੈ।

ਹੈਰਾਨੀਜਨਕ ਤੱਥ ਇਹ ਹੈ ਕਿ ਲੁਧਿਆਣੇ ਦੇ ਪਿੰਡ ਲੁਹਾਰਾ ਵਿਖੇ ਆਂਢ ਗੁਆਂਢ ਦੇ ਕਿਸੇ ਵੀ ਵਿਅਕਤੀ ਨੂੰ ਇਹ ਨਹੀਂ ਸੀ ਪਤਾ ਕਿ ਕਿਸੇ ਸਮੇਂ ਦਾ ਮਸ਼ਹੂਰ ਗੀਤਕਾਰ ਚਤਰ ਸਿੰਘ ਪਰਵਾਨਾ ਇਸ ਕਮਰੇ ਦੇ ਵਿੱਚ ਰਹਿ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਕਿਸੇ ਫ਼ਨਕਾਰ ਲਈ ਸ਼ਾਇਦ ਇਸ ਤੋਂ ਹੋਰ ਜ਼ਲਾਲਤ ਭਰੀ ਜ਼ਿੰਦਗੀ ਕੀ ਹੋਵੇਗੀ ਕਿਸੇ ਸਮੇਂ ਜਿਸ ਦੇ ਲੱਖਾਂ ਲੋਕ ਦੀਵਾਨੇ ਹੋਣ ਅਤੇ ਚੋਟੀ ਦੇ ਕਲਾਕਾਰ ਉਸ ਦੀ ਸਾਹਦੀ ਭਰਦੇ ਹੋਣ ਉਹ ਗੁੰਮਨਾਮ ਜ਼ਿੰਦਗੀ ਬਤੀਤ ਕਰ ਰਿਹਾ ਹੋਵੇ। ਖ਼ੈਰ ਮੈਂ ਪਿਛਲੇ ਕਈ ਲੇਖਾਂ ਵਿੱਚ ਲਿਖਿਆ ਸੀ ਕਿ ਪੰਜਾਬੀ ਦੇ ਗਾਇਕੀ ਦੇ ਇਤਿਹਾਸ ਦਾ ਇਹ ਵੀ ਇੱਕ ਕੌੜਾ ਪੰਨਾ ਹੈ। ਗੀਤਕਾਰ ਵੀਰੋ ਜੇਕਰ ਸਮਾਂ ਰਹਿੰਦਿਆਂ ਸਮਾਂ ਸੰਭਾਲ ਸਕਦੇ ਹੋ ਤਾਂ ਸੰਭਾਲ ਲਵੋ ਨਹੀਂ ਤਾਂ ਹਾਲ ਤੁਹਾਡੇ ਸਭ ਦੇ ਸਾਹਮਣੇ ਹੈ। ਆਓ ਤੰਗੀਆਂ–ਤੁਰਸ਼ੀਆਂ ਨਾਲ ਜੰਗ ਲੜ ਰਹੇ ਆਪਣੇ ਸਮੇਂ ਦੇ ਉੱਘੇ ਫ਼ਨਕਾਰਾਂ ਨੂੰ ਸਹਾਰਾ ਦਿੰਦਿਆਂ ਆਪਣਾ ਮੂਲ ਪਛਾਣਨ ਦੀ ਕੋਸ਼ਿਸ਼ ਕਰੀਏ।

**ਮਨਜਿੰਦਰ ਸਿੰਘ ਸਰੌਦ**

( ਅੰਬੇਦਕਰ ਜਯੰਤੀ 'ਤੇ ਵਿਸ਼ੇਸ਼ )

# ਡਾ. ਅੰਬੇਦਕਰ ਦੇ ਸੁਪਨਿਆਂ ਦਾ ਭਾਰਤ

ਬੇਸ਼ਕ ਭਾਰਤ ਸਨ 1947 'ਚ ਹੀ ਅੰਗ੍ਰੇਜ਼ਾਂ ਤੋਂ ਅਜਾਦੀ ਹਾਸਲ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਆਪਣੀ ਸੁਤੰਤਰ ਹੋਂਦ ਸਥਾਪਤ ਕਰ ਚੁੱਕਿਆ ਹੈ, ਪਰ ਭਾਰਤੀ ਸਮਾਜ 'ਚ ਹਜੇ ਵੀ ਏਕਤਾ, ਬਰਾਬਰਤਾ ਅਤੇ ਭਾਈਚਾਰੇ ਦੀ ਭਾਵਨਾ ਦੀ ਬਹੁਤ ਕਮੀਂ ਹੈ, ਜਿਸ ਨੂੰ ਹਾਸਲ ਕਰਨ ਵਿਚ ਡਾ ਭੀਮਰਾਓ ਅੰਬੇਦਕਰ ਦੇ ਮਾਨਸਕ ਅਤੇ ਸਮਾਜਕ ਅਜਾਦੀ ਸੰਬਧੀ ਵਿਚਾਰ ਅਹਿਮ ਰੋਲ ਅਦਾ ਕਰ ਸਕਦੇ ਹਨ। ਡਾ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੀ ਮਹੂ ਛਾਉਣੀ 'ਚ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਰਤਨਾਗਿਰੀ ਜਿਲ੍ਹੇ ਦਾ ਅੰਬਾਵੜੇ ਪਿੰਡ ਸੀ ਉਨ੍ਹਾਂ ਦੇ ਪਿਤਾ ਦਾ ਨਾਂਅ ਰਾਮਜੀ ਰਾਓ ਅਤੇ ਮਾਤਾ ਦਾ ਨਾਂਅ ਭੀਮਾਬਾਈ ਸੀ ਉਨ੍ਹਾਂ ਦੇ ਪਿਤਾ ਫੌਜ ਵਿਚ ਸਨ। ਜਦੋਂ ਉਹ ਪੰਜ 5 ਸਾਲ ਦੇ ਸਨ, ਉਦੋਂ ਉਨ੍ਹਾਂ ਦੀ ਮਾਤਾ ਦਾ ਸਵਰਗਵਾਸ ਹੋ ਗਿਆ ਸੀ। ਮਹਾਂਰਾਸ਼ਟਰ 'ਚ ਨਾਂਅ ਦੇ ਨਾਲ ਪਿੰਡ ਦਾ ਨਾਂਅ ਕਰੌ ਲਾ ਕੇ ਲਿਖਿਆ ਜਾਂਦਾ ਹੈ। ਇਸ ਲਈ ਜਦੋਂ ਉਹ ਆਪਣੀ ਸ਼ੁਰੂਆਤੀ ਸਿੱਖਿਆ ਦੇ ਲਈ ਸਤਾਰਾ ਦੇ ਇਕ ਸਰਕਾਰੀ ਸਕੂਲ 'ਚ ਗਏ ਤਾਂ ਉਨ੍ਹਾਂ ਦਾ ਨਾਂਅ ਭੀਮਰਾਓ ਅੰਬਾਵਾਡੇਕਰ ਲਿਖਿਆ ਗਿਆ। ਇਕ ਅੰਬੇਦਕਰ ਸਿਰਨਾਂਅ ਦੇ ਅਧਿਆਪਕ ਨੇ ਉਨ੍ਹਾਂ ਨੂੰ ਕਿਹਾ ਕਿ ਅੰਬਾਵਾਡੇਕਰ ਬੁਲਾਉਂਦੇ ਸਮੇਂ ਅਟਪਟਾ ਲੱਗਦਾ ਹੈ, ਸੋ ਤੂੰ ਅੰਬੇਦਕਰ ਸਿਰਨਾਂਅ ਲਿਖਿਆ ਕਰ। ਬਸ ਉਦੋਂ ਤੋਂ ਹੀ ਉਨ੍ਹਾਂ ਨੂੰ ਭੀਮਰਾਓ ਅੰਬੇਦਕਰ ਕਹਿ ਕੇ ਬੁਲਾਇਆ ਜਾਣ ਲੱਗਿਆ। ਤੇਜ਼ ਦਿਮਾਗ ਦਾ ਹੋਣ ਦੇ ਕਾਰਨ, ਉਹ ਹਰ ਪਾਸਿਉਂ ਗਿਆਨ ਅਤੇ ਜਾਣਕਾਰੀ ਇਕੱਠੀ ਕਰਨ 'ਚ ਮਸ਼ਕੂਲ ਰਹਿੰਦੇ ਸਨ। ਸਨ 1907 'ਚ ਉਨ੍ਹਾ ਨੇ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ। ਸਨ 1908 'ਚ 17 ਸਾਲ ਦੀ ਉਮਰ 'ਚ ਡਾ ਅੰਬੇਦਕਰ ਦਾ ਵਿਆਹ ਰਮਾਬਾਈ ਦੇ ਨਾਲ ਹੋਇਆ ਉਨ੍ਹਾਂ ਨੇ ਬੜੋਦਾ ਦੇ ਮਹਾਂਰਾਜ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਵਾਲੀ 25 ਰੁਪਏ ਪ੍ਰਤੀ ਮਹੀਨਾ ਸਕੌਲਰਸ਼ਿੱਪ ਦੇ ਬਲਬੂਤੇ 'ਤੇ ਸਨ 1912 'ਚ ਬੀ ਏ ਦੀ ਪ੍ਰੀਖਿਆ ਚੰਗੇ ਨੰਬਰਾ ਨਾਲ ਪਾਸ ਕੀਤੀ। ਫਿਰ ਉਹ ਉਚੇਰੀ ਸਿੱਖਿਆ ਦੇ ਲਈ ਵਿਦੇਸ਼ ਚਲੇ ਗਏ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਉਨ੍ਹਾਂ ਨੇ ਐਮ ਏ ਅਤੇ ਪੀਐਚਡੀ ਦੀ ਡਿਗਰੀ ਹਾਸਲ ਕੀਤੀ। ਪਰ ਅਚਾਨਕ ਵਜੀਫਾ ਬੰਦ ਕੀਤੇ ਜਾਣ 'ਤੇ ਉਹ ਭਾਰਤ ਵਾਪਸ ਆਏ ਅਤੇ ਬੜੋਦਾ ਦੀ ਅਛੂਤ ਯਾਨੀ ਦਲਿਤ ਫੌਜ ਵਿਚ ਸਕੱਤਰ ਦੇ ਅਹੁਦੇ 'ਤੇ ਕੰਮ ਕਰਨ ਲੱਗੇ। ਪਰ ਰਿਆਸਤ ਦੀ ਸੇਵਾ 'ਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆ ਨਮੋਸ਼ੀਆਂ ਅਤੇ ਬੇਜਤੀ ਦਾ ਸਾਹਮਣਾ ਕਰਨਾ ਪਿਆ। ਬਾਅਦ 'ਚ ਉਹ ਮੁੰਬਈ ਦੇ ਸਿਡਨੇਮ ਕਾਲਜ ਆਫ ਕਾਮਰਸ ਐਂਡ ਇਕਨੋਮਿਕਸ 'ਚ ਪੋਫੈਸਰ ਲੱਗ ਗਏ। ਸਨ 1920 'ਚ ਕੋਲ੍ਹਾਪੁਰ ਦੇ ਮਹਾਂਰਾਜ ਵੱਲੋਂ ਵਜੀਫਾ ਹਾਸਲ ਕਰਕੇ, ਉਹ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਨ ਦੇ ਲਈ ਲੰਦਨ ਚਲੇ ਗਏ। ਸਨ, 1923 'ਚ ਉਨ੍ਹਾਂ ਨੂੰ ਡਾਕਟਰ ਆਫ ਸਾਈਂਸ (ਡੀ ਐਸ ਸੀ ) ਦੀ ਪਦਵੀ ਹਾਸਲ ਹੋਈ। ਲੰਦਨ 'ਚ ਬੈਰਿਸਟਰੀ ਪਾਸ ਕਰਕੇ, ਉਹ ਵਾਪਸ ਭਾਰਤ ਪਰਤ ਆਏ। ਫਿਰ ਉਹ ਮੁੰਬਈ ਹਾਈ ਕੋਰਟ 'ਚ ਵਕਾਲਤ ਕਰਨ ਲੱਗ ਗਏ ਅਤੇ ਮੰਬਈ ਵਿਧਾਨ–ਪ੍ਰੀਸ਼ਦ ਦੇ ਮੈਂਬਰ ਚੁਣੇ ਗਏ।

ਡਾ ਅੰਬੇਦਕਰ ਨੇ ਸਮਾਜ ਸੁਧਾਰ ਦੇ ਅਨੇਕਾਂ ਕੰਮ ਕੀਤੇ ਉਨ੍ਹਾਂ ਦੇ ਪੇਰਣਾ ਸ੍ਰੋਤ ਕਬੀਰ, ਮਹਾਤਮਾ ਫੂਲੇ ਅਤੇ ਮਹਾਤਮਾ ਬੁੱਧ ਸਨ। ਉਨ੍ਹਾਂ ਨੇ ਆਣੀ ਪ੍ਰਸਿੱਧ ਕਿਤਾਬ (ਸ਼ੂਦਰ ਕੌਣ ਸਨ ?) ਨੂੰ



ਮਹਾਤਮਾ ਫੂਲੇ ਨੂੰ ਭੇਂਟ ਕੀਤਾ। ਉਨ੍ਹਾਂ ਨੇ ਅਛੂਤਾਂ, ਗਰੀਬ ਕਿਸਾਨਾਂ, ਔਰਤਾਂ ਅਤੇ ਮਜਦੂਰਾਂ, ਸਾਰਿਆਂ ਦੇ ਸਮਾਜਕ, ਰਾਜਨੀਤਿਕ ਅਤੇ ਆਰਥਕ ਮੁੱਦਿਆਂ ਨੂੰ ਚੁੱਕਿਆ। ਭਾਰਤੀ ਸਮਾਜ 'ਚ ਅਛੂਤਾਂ ਦੀ ਮਾੜੀ ਹਾਲਤ ਨੂੰ ਉਨ੍ਹਾਂ ਨੇ ਖੁਦ ਨੇ ਵੀ ਭੋਗਿਆ। ਇਸ ਲਈ ਉਨ੍ਹਾਂ ਨੇ ਧੱਕੇਸ਼ਾਹੀ ਅਤੇ ਸ਼ੋਸ਼ਣ ਖਿਲਾਫ ਕਈ ਅੰਦੋਲਣ ਕੀਤੇ। ਉਨ੍ਹਾਂ ਨੇ ਅਛੂਤਾਂ ਅਤੇ ਦਲਿਤਾਂ ਦੇ ਕਲਿਆਣ ਲਈ 1917 ਤੋਂ ਹੀ ਅੰਦੋਲਣ ਸ਼ੁਰੂ ਕਰ ਦਿੱਤੇ ਸਨ, ਪਰ 1927 ਤੋਂ ਉਨ੍ਹਾਂ ਦੇ ਅੰਦੋਲਣਾਂ ਨੇ ਦਬਦਬਾ ਬਣਾਉਣਾ ਸ਼ੁਰੂ ਕੀਤਾ।

ਉਨ੍ਹਾਂ ਦੇ ਮੁੱਖ ਅੰਦੋਲਣਾ 'ਚੋਂ ਮਹਾੜ ਅੰਦੋਲਣ (1929), ਮੰਦਿਰ ਪ੍ਰਵੇਸ਼ ਅੰਦੋਲਣ(1929–30), ਲੇਬਰ ਪਾਰਟੀ ਦੀ ਸਥਾਪਨਾ (1936), ਨਾਗਪੁਰ ਸੰਮੇਲਣ (1942), ਧਰਮ ਪਰਿਵਰਤਨ ਅੰਦੋਲਣ(1956) ਆਦਿ ਅਹਿਮ ਅੰਦੋਲਣ ਹਨ। ਉਨ੍ਹਾਂ ਨੇ ਮੂਕਨਾਇਕ ਅਤੇ ਜਨਤਾ ਨਾਮੀਂ ਅਖਬਾਰ ਵੀ ਕੱਢੇ। ਭੀਮਰਾਓ ਅੰਬੇਦਕਰ ਜਾਤ–ਪਾਤ ਦੀਆ ਜੰਜੀਰਾਂ ਤੋੜ ਕੇ ਇਕ ਸਮਾਨਤਾ ਵਾਲੇ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਸਨ। ਉਨ੍ਹਾ ਦਾ ਮੰਨਣਾ ਸੀ ਕਿ ਔਰਤ ਚਾਹੇ ਕਿਸੇ ਵੀ ਵਰਗ ਜਾਂ ਜਾਤਿ ਦੀ ਹੋਵੇ, ਉਸ ਦਾ ਸਮਾਜ ਵੱਲੋਂ ਸ਼ੋਸ਼ਣ ਹੁੰਦਾ ਹੀ ਹੈ। ਕੋਈ ਵੀ ਦੇਸ਼ ਉਦੋਂ ਤਰੱਕੀ ਕਰ ਸਕਦਾ ਹੈ, ਜਦੋਂ ਉਥੋਂ ਦੀਆ ਔਰਤਾਂ ਅਤੇ ਬੱਚਿਆਂ ਦੀ ਦਸ਼ਾ ਚੰਗੀ ਹੋਵੇ। ਉਨ੍ਹਾਂ ਨੇ ਮੁੰਡਿਆਂ ਦੇ ਨਾਲ–ਨਾਲ ਕੁੜੀਆਂ ਦੀ ਸਿੱਖਿਆ ਦੇ ਵੱਲ ਵੀ ਸਮਾਜ ਦਾ ਧਿਆਨ ਕਰਵਾਇਆ। ਉਨ੍ਹਾਂ ਨੇ ਬਾਲ–ਵਿਆਹ ਦਾ ਵੀ ਪ੍ਰਭਾਵੀ ਢੰਗ ਨਾਲ ਵਿਰੋਧ ਕੀਤਾ। ਨਾਲ ਹੀ ਹਿੰਦੂ –ਕੋਡ ਬਿੱਲ (ਜਿਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਦਿੱਤੇ ਗਏ ਸਨ) ਨੂੰ ਪਾਸ ਕਰਵਾਉਣ ਦੇ ਲਈ ਮੰਤਰੀ ਮੰਡਲ ਤੋਂ ਇਸਤੀਫਾ ਵੀ ਦਿੱਤਾ। ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਸੰਵਿਧਾਨ 'ਚ ਬਰਾਬਰਤਾ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਮੰਨਿਆ ਗਿਆ ਹੈ। ਭਾਰਤ ਨੂੰ ਅਜਾਦ ਹੋਏ ਸੱਤ 7 ਦਹਾਕੇ ਹੋ ਗਏ ਹਨ, ਪਰ ਮੌਜੂਦਾ ਸਮੇਂ 'ਚ ਅਸੀਂ ਲੋਕ ਇਕ –ਦੂਜੇ ਦੇ ਨੇੜੇ ਆਉਣ ਦੀ ਬਜਾਏ ਇਕ –ਦੂਜੇ ਤੋਂ ਦੂਰ ਜਾ ਰਹੇ ਹਾਂ। ਯਾਤਾਯਾਤ ਦੇ ਅਨੇਕਾਂ ਸਾਧਨ ਵਿਕਸਤ ਹੋਣ ਕਾਰਨ ਸਾਡੀਆਂ ਸਥਾਨਕ ਦੂਰੀਆਂ ਤਾਂ ਜਰੂਰ ਘੱਟ ਗਈਆਂ ਹਨ, ਪਰ ਧਰਮ, ਜਾਤਿ, ਭਾਸ਼ਾ, ਆਰਥਕ, ਸਮਾਜਕ ਅਤੇ ਰਾਜਨੀਤਿਕ ਸਵਾਰਥਾਂ ਦੇ ਚਲਦਿਆਂ ਅਸੀਂ ਕਿਤੇ ਨਾ ਕਿਤੇ ਅੱਜ ਵੀ ਮਾਨਸਿਕ ਅਤੇ ਸਮਾਜਕ ਗੁਲਾਮੀ ਦੇ ਸ਼ਿਕਾਰ ਹਾਂ। ਬਾਬਾ ਸਾਹਿਬ ਅੰਬੇਦਕਰ ਦੇ ਲਈ ਆਪਣਾ ਦੇਸ਼ ਸਭ ਤੋਂ ਜਿਆਦਾ ਅਹਿਮ ਸੀ। ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਭਾਰਤਵਾਸੀ ਮੰਨਦੇ ਸਨ ਅਤੇ ਬਾਅਦ 'ਚ ਹੋਰ ਕੁਝ। ਉਨ੍ਹਾਂ ਦੇ ਲਈ ਦੇਸ਼ ਹਿੱਤ ਸਭ ਤੋਂ ਉਪਰ ਸੀ। ਉਨ੍ਹਾਂ ਨੇ ਕਈ ਮੌਕਿਆਂ 'ਤੇ ਕਿਹਾ ਹੈ ਕਿ ਇਕ ਚੰਗਾ ਸਮਾਜ ਅਜਾਦੀ, ਸਮਾਨਤਾ ਅਤੇ ਭਾਈਚਾਰੇ 'ਤੇ ਅਧਾਰਿਤ ਹੁੰਦਾ ਹੈ, ਇਨ੍ਹਾਂ ਤਿੰਨੇ ਤੱਤਾਂ ਨੂੰ ਇਕ –ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਹ ਤਿੰਨੋਂ ਤੱਤ ਮਿਲ ਕੇ ਹੀ ਸਮਾਜ 'ਚ ਇਕਜੁੱਟਤਾ ਸਥਾਪਤ ਕਰਦੇ ਹਨ। ਸਾਰੇ ਦੇਸ਼ਵਾਸੀ ਆਪਸ 'ਚ ਭਰਾ–ਭਰਾ ਹਨ, ਸਾਰੀ ਭਾਰਤੀ ਜਨਤਾ ਅਪਣੱਤ ਦੀ ਭਾਵਨਾ ਨਾਲ ਜੁੜੀ ਹੋਈ ਹੈ। ਜੇਕਰ ਮਨ ਵਿਚ ਇਕਜੁੱਟਤਾ ਦਾ ਰਸ ਵਗ੍ਹਾਉਣ ਵਾਲਾ ਕੋਈ ਤੱਤ ਹੈ ਤਾਂ ਉਹ ਸਿਰਫ ਭਾਈਚਾਰਾ ਹੈ। ਅਸਲ 'ਚ ਸਾਨੂੰ ਇਕ ਅਜਿਹਾ ਰਸਤਾ ਬਣਾਉਣਾ ਚਾਹੀਦਾ ਹੈ, ਜੋ ਸਾਨੂੰ ਵੱਖਵਾਦ ਦੇ ਰਾਹ ਤੋਂ ਇਕਜੁੱਟਤਾ ਅਤੇ ਭਾਈਚਾਰੇ ਵੱਲ ਲੈ ਜਾਵੇ। ਭਾਰਤ 'ਚ ਅਨੇਕਾ ਧਰਮ ਅਤੇ ਜਾਤਾਂ ਹਨ। ਇਨ੍ਹਾਂ ਦੀ ਆੜ ਲੈ ਕੇ ਕੁਝ ਲੋਕ ਸਮਾਜਿਕ ਜੀਵਨ 'ਚ ਵਿਖਰੇਵੇਂ ਪੈਦਾ ਕਰ ਸਕਦੇ ਹਨ, ਜਿਸ ਨਾਲ ਦੇਸ਼ ਦੀ ਬੁਨਿਆਦ ਦੇ ਲਈ ਖਤਰਾ ਪੈਦਾ ਹੋ ਸਕਦਾ ਹੈ। ਅੰਗੇਜਾਂ ਤੋਂ ਅਜਾਦ ਹੋਏ ਤਾਂ ਸਾਨੂੰ ਐਨੇ ਸਾਲ ਬੀਤ ਗਏ ਹਨ ਪਰ ਅਸੀਂ ਹਜੇ ਵੀ ਮਾਨਸਿਕ ਅਜਾਦੀ ਹਾਸਲ ਨਹੀਂ ਕਰ ਪਾਏ ਹਾਂ। ਆਏ ਦਿਨ ਹੋਣ ਵਾਲੇ ਦੰਗੇ–ਫਸਾਦ ਕਿਤੇ ਨਾ ਕਿਤੇ ਇਸੇ ਵੱਲ ਇਸ਼ਾਰਾ ਕਰਦੇ ਹਨ। ਡਾ ਅੰਬੇਦਕਰ ਕਹਿੰਦੇ ਸਨ ਕਿ ਜਿਸ ਧਰਮ ਦਾ ਮੂਲ ਮਨੁੱਖ–ਮਨੁੱਖ 'ਚ ਫਰਕ ਪੈਦਾ ਕਰਨਾ ਹੈ, ਉਹ ਧਰਮ ਸੱਚਾ ਧਰਮ ਕਹਾਉਣ ਦੇ ਲਾਇਕ ਨਹੀਂ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਕਿਸੇ ਵੀ ਧਰਮ ਨੂੰ ਦਰਿਦ੍ਰਤਾ ਅਤੇ ਗਰੀਬੀ ਦਾ ਸਮਰਥਨ ਨਹੀਂ ਕਰਨਾ ਚਾਹੀਦਾ। ਦਰਿਦ੍ਰਤਾ ਦਾ ਸਮਰਥਨ ਕਰਨ ਦਾ ਮਤਲਬ ਗੁਨ੍ਹਾਗਾਰੀ ਅਤੇ ਅਨੈਤਿਕਤਾ ਨੂੰ ਹੁੰਗਾਰਾ ਦੇਕੇ ਇਕ ਜਿੰਦਗੀ 'ਚ ਨਰਕਾਂ ਵਾਲੇ ਹਾਲਾਤ ਪੈਦਾ ਕਰਨ ਜਿਹਾ ਪਾਪ ਹੈ। ਦਰਅਸਲ, ਨੈਤਿਕਤਾ 'ਤੇ ਅਧਾਰਤਦ ਧਰਮ ਹੀ ਸਮਾਜ ਦੇ ਲਈਪ ਲਾਹੇਵੰਦ ਹੈ। ਨਾਲ ਹੀ ਡਾ ਅੰਬੇਦਕਰ ਨੂੰ ਸਭ ਤੋਂ ਜਿਆਦਾ ਗੁੱਸਾ ਜਾਤਿ–ਪ੍ਰਥਾ ਅਤੇ ਇਸ ਤੋਂ ਪੈਦਾ ਹੋਏ ਛੂਆਛਾਤ 'ਤੇ ਸੀ। ਕਿਸੇ ਵੀ ਵਿਅਕਤੀ ਨੂੰ ਆਪਣੀ ਸਖਸ਼ੀਅਤ ਦੇ ਵਿਕਾਸ ਦੇ ਲਈ ਆਪਣੀ ਸਮਰੱਥਾ, ਦੇ ਮੁਤਾਬਿਕ ਆਪਣਾ ਰਸਤਾ ਚੁਣਨ ਦੀ ਅਜਾਦੀ ਹੋਣੀ ਚਾਹੀਦੀ ਹੈ ਪਰ ਜਾਤੀ–ਪ੍ਰਥਾ ਇਸ ਸਿਧਾਂਤ ਦਾ ਵਿਰੋਧ ਕਰਦੀ ਹੈ।

ਮੌਜੂਦਾ ਸਮੇਂ 'ਚ ਇਹ ਜਾਤਿ –ਪ੍ਰਥਾ ਕਈ ਨੌਜੁਆਨਾ ਦੇ ਵਿਚਾਰਾਂ ਅਤੇ ਮਨੋਦਸ਼ਾ 'ਚ ਰਚੀ ਹੋਈ ਹੈ। ਉਨ੍ਹਾਂ ਦੇ ਲਈ ਹੁਣ ਵੀ ਮਨੁੱਖ ਦੀ ਕੀਮਤ ਘੱਟ, ਜਾਤਿ ਦੀ ਕੀਮਤ ਜਿਆਦਾ ਹੈ। ਜਾਤਿ ਉਨ੍ਹਾਂ ਦੇ ਲਈ ਉਹ ਅਨਮੋਲ ਧਨ ਹੈ ਜਿਸ ਦੇ ਉੱਪਰ ਉਹ ਆਪਣੀ ਸਖ਼ਸ਼ੀਅਤ ਅਤੇ ਹੋਂਦ ਤੱਕ ਨੂੰ ਵਾਰ ਸਕਦੇ ਹਨ। ਉਹ ਭੁੱਖਾ ਮਰਨਾ ਪਸੰਦ ਕਰਦੇ ਹਨ ਪਰ ਦੂਜਿਆਂ ਦਾ ਪੇਸ਼ਾ ਨਹੀਂ ਅਪਣਾਉਂਦੇ। ਆਰਥਕ ਸੰਗਠਨ ਦੇ ਲਈ ਇਹ ਜਾਤਿ –ਪ੍ਰਥਾ ਬਹੁਤ ਵਿਨਾਸ਼ਕਾਰੀ ਹੈ। ਇਸ ਨਾਲ ਕਿਸੇ ਦੇ ਮਨੁੱਖ ਦੇ ਕੁਦਰਤੀ ਗੁਣਾਂ, ਸ਼ਕਤੀਆ ਅਤੇ ਭਾਵਨਾਵਾਂ ਦਾ ਘਾਣ ਹੁੰਦਾ ਹੈ। ਸੋ ਜਦੋਂ ਤੱਕ ਨੌਜੁਆਨ ਪੀੜੀ ਦੇ ਦਿਮਾਗ ਵਿਚੋਂ ਜਾਤ–ਪਾਤ ਦਾ ਭੇਦਭਾਵ ਨਹੀਂ ਮਿਟ ਜਾਂਦਾ, ਉਦੋਂ ਤੱਕ ਅਸੀਂ ਗੁਲਾਮ ਹੀ ਰਹਾਂਗੇ। ਅਜਾਦੀ ਤੋਂ ਬਾਅਦ ਸਿੱਖਿਆ ਦੀ ਗੱਲ ਕੀਤੀ ਜਾਵੇ ਤਾਂ ਸਨ 1951 'ਚ ਲਗਪਗ 84 ਫੀਸਦ ਅਬਾਦੀ ਅਨਪੜ੍ਹ ਸੀ। ਔਰਤਾਂ 'ਚ ਤਾਂ ਇਹ ਫੀਸਦ ਲਗਪਗ 92 ਪ੍ਰਤੀਸ਼ਤ ਸੀ। ਮੌਜੂਦਾ ਸਮੇਂ 'ਚ ਸਿੱਖਿਅਕ ਜਨਸੰਖਿਆ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਸਾਨੂੰ ਅੱਜ ਵੀ ਆਰਥਕ ਅਸਮਾਨਤਾ, ਬੇਰੋਜਗਾਰੀ ਅਤੇ ਭੁਖਮਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਨਿਆ ਕਿ ਸਾਰੇ ਤਰ੍ਹਾਂ ਦੇ ਬੰਧਨਾ ਤੋਂ ਮੁਕਤੀ ਸਿੱਖਿਆ ਨਾਲ ਹੀ ਸੰਭਵ ਹੈ, ਪਰ ਸਿਰਫ ਸਿੱਖਿਆ ਨਾਲ ਹੀ ਕੰਮ ਨਹੀਂ ਚੱਲੇਗਾ, ਜਦੋਂ ਤੱਕ ਉਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਹਾਸਲ ਨਹੀਂ ਕੀਤੀ ਜਾਂਦੀ, ਉਸ ਦੇ ਸਬਕਾਂ 'ਤੇ ਅਮਲ ਕਰਨ ਲਈ ਡੂੰਘਾਈ ਨਾਲ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਉਸ ਤੋਂ ਚੰਗਿਆਈ ਗ੍ਰਹਿਣ ਕਰਨ ਲਈ ਉਪਾਅ ਨਹੀਂ ਕੀਤੇ ਜਾਂਦੇ, ਉਸਦਾ ਇਸਤੇਮਾਲ ਕਲਿਆਣਕਾਰੀ ਕੰਮ ਲਈ ਨਹੀਂ ਕੀਤਾ ਜਾਂਦਾ। ਪਿੰਡਾ ਸ਼ਹਿਰਾਂ 'ਚ ਬਰਾਬਰੀ ਨਾਲ 100 ਫੀਸਦ ਸਾਖਰਤਾ ਦਾ ਮਿਸ਼ਨ ਪੂਰਾ ਨਹੀਂ ਕੀਤਾ ਜਾਂਦਾ। ਅਸਲ 'ਚ ਅੰਗੇਜਾਂ ਤੋਂ ਭਾਰਤ ਨੂੰ ਜੋ ਅਜਾਦੀ ਪ੍ਰਾਪਤ ਹੋਈ, ਉਹ ਇਤਿਹਾਸਕ ਹੁੰਦੇ ਹੋਏ ਵੀ ਮੌਜੂਦਾ ਸਮੇਂ 'ਚ ਅਧੂਰੀ ਹੈ। ਜਦੋਂ ਤੱਕ ਰਾਜਨੀਤਿਕ ਪਾਰਟੀਆਂ ਵੱਲੋਂ ਹਕੂਮਤ ਦਾ ਗਲਤ ਇਸਤੇਮਾਲ, ਔਰਤਾਂ ਦਾ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ, ਜਾਤੀਗਤ ਅਤੇ ਆਰਥਕ ਅਸਮਾਨਤਾ, ਰਾਜਨੀਤਿਕ ਅਤੇ ਆਰਥਕ ਸਵਾਰਥ, ਭ੍ਰਿਸ਼ਟਾਚਾਰ, ਭੁੱਖ, ਬੇਰੋਜਗਾਰੀ, ਭੇਦਭਾਵ, ਛੂਆਛਾਤ ਅਤੇ ਅੱਤਵਾਦ ਦਾ ਅੰਤ ਨਹੀਂ ਹੋ ਜਾਂਦਾ, ਉਦੋਂ ਤੱਕ ਡਾ ਅੰਬੇਦਕਰ ਵੱਲੋਂ ਲਿਆ ਗਿਆ ਅਜਾਦ ਭਾਰਤ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ। ਇਸਦੇ ਲਈ ਨਾ ਸਿਰਫ ਸਿੱਖਿਆ ਨੂੰ ਰੋਜਗਾਰ ਨਾਲ ਜੋੜਨ ਦੀ ਲੋੜ ਹੈ, ਸਗੋਂ ਨੌਜੁਆਨ ਪੀੜ੍ਹੀ ਨੂੰ ਇਕੱਠਿਆਂ ਹੋ ਕੇ ਦੇਸ਼ ਹਿੱਤ ਦੇ ਲਈ ਵਧ ਚੜ੍ਹ ਕੇ ਕੰਮ ਕਰਨ ਦੀ ਵੀ ਲੋੜ ਹੈ। ਸਹੀ ਮਾਇਨਿਆਂ 'ਚ ਅਤੇ ਹਕੀਕੀ ਰੂਪ 'ਚ ਅਸੀਂ ਉਦੋਂ ਹੀ ਅਜਾਦ ਹੋ ਪਾਵਾਂਗੇ ਅਤੇ ਬਾਬਾ ਸਾਹਿਬ ਡਾ ਭੀਮਰਾਓ ਅੰਬੇਦਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰ ਸਕਾਂਗੇ।

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ ਬਠਿੰਡਾ**

# ਕੈਲਗਰੀ ਦੀਆਂ ਸੜਕਾਂ 'ਤੇ ਜੱਟ ਫਿਰਨ ਚਾਦਰੇ ਲਾ ਕੇ ਨੀ !

ਗੋਗੀ ਗਰੇਵਾਲ, ਨੌਜਵਾਨ ਗਾਇਕ ਜਿਸ ਨੇ ਹਾਲੇ ਹੁਣੇ ਹੀ ਗਾਇਕੀ ਦੇ ਪਿੜ੍ਹ ਅੰਦਰ ਛਾਲ ਮਾਰੀ ਐ ਪਰ ਛਾਲ ਵੀ ਕਨੇਡਾ ਦੀਆਂ ਸੜਕਾਂ ਉੱਪਰ ਚਾਦਰੇ ਲਾਕੇ ਘੁੰਮਦਿਆਂ ਹੋਇਆ ਮਾਰੀ ਐ। ਬਾਬੇ ਬੋਹੜ ਦੀ ਦਾਹੜੀ ਵਰਗੀ ਪੁਰਾਣੀ ਪੰਜਾਬ ਦੇ ਨਾਮਵਰ ਗਾਇਕਾਂ ਨੂੰ ਪੇਸ਼ ਕਰਨ ਵਾਲੀ ਲੁਧਿਆਣੇ ਦੀ ਫਾਈਨਟੋਨ ਕੰਪਨੀ ਆਲੇ ਬਾਈ ਰਜਿੰਦਰ ਸਿੰਘ ਦੀ ਉਂਗਲ ਫੜਦਿਆਂ ਗਰੇਵਾਲਾਂ ਦਾ ਮੁੰਡਾ ਗੋਗੀ ਗਰੇਵਾਲ ਪੰਜਾਬੀ ਗਾਇਕੀ ਦੇ ਸ਼ੌਕੀਨਾ ਕੋਲੋਂ ਹੌਂਸਲਾ ਅਫਜਾਈ ਦੀ ਮੰਗ ਕਰਦਾ ਐ। "ਜੱਟ ਇਨ ਕਨੇਡਾ" ਦੇ ਨਾਂ ਹੇਠ ਯੂ ਟਿਊਬ ਉੱਪਰ ਜਦੋਂ ਕੈਲਗਰੀ ਵਾਸੀ ਠੂੰਗਾ ਜਿਹਾ ਮਾਰਨਗੇ ਤਾਂ ਉਹਨਾਂ ਨੂੰ ਆਪਣੇ ਹੀ ਸਹਿਰ ਕੈਲਗਰੀ ਦਾ ਡਾਊਨਟਾਊਨ, ਆਪਣੇ ਹੀ ਸਹਿਰ ਦ ਰਣਦੀਪ ਸੰਧੂ ਮਦਾਰਪੁਰੇ ਵਾਲੇ ਅਤੇ ਕਰਮਾ ਸੰਧੂ ਜੋ ਕਿ ਫੈਂਸੀ ਜੀਪਾਂ ਆਲੇ ਦੇ ਤਖੱਲਸ ਵੱਜੋਂ ਜਾਣਿਆ ਜਾਂਦਾ ਹੈ ਉਹ ਵੀ ਦਿਖਾਈ ਦੇਵੇਗਾ। ਸੁਖਪਾਲ ਸੁਖ ਦੇ ਸੰਗੀਤ ਵਿੱਚ ਮੋਹਣੀ ਸਾਇਰ ਦੀ ਕਲਮ ਦੇ ਲਿਖੇ ਇਸ ਗੀਤ ਨੂੰ ਰਿੰਪੀ ਪ੍ਰਿੰਸ ਵੱਲੋਂ ਵੀਡੀਓ ਫਿਲਮਾਂਕਣ ਕਰਨ ਕਾਰਣ ਸਰੋਤੇ, ਦਰਸਕ ਅਤੇ ਪੇਸ਼ਕਾਰੀ ਵਿਚਕਾਰ ਫਾਸਲਾ ਘੱਟ ਹੋਇਆ ਹੈ। ਗੀਤ ਦੀ ਲੱਚਰਤਾ ਤੋਂ ਦੂਰੀ ਅਤੇ ਪੰਜਾਬੀ ਸੱਭਿਆਚਾਰ ਨਾਲ ਨੇੜਤਾ, ਗੋਗੀ ਗਰੇਵਾਲ ਦੀ ਸੁਰ ਸੰਗੀਤ ਨਾਲ ਮੋਹ ਮੁਹੱਬਤੀ ਸਾਂਝ ਇਸ ਗੀਤ ਵਿੱਚੋਂ ਦਿਖਾਈ ਦਿੰਦੀ ਹੈ। ਭਵਿੱਖ ਵਿੱਚ ਵੀ ਗੋਗੀ ਗਰੇਵਾਲ ਕੋਲੋਂ ਅਜਿਹੀਆਂ ਪੇਸ਼ਕਾਰੀਆਂ ਦੀ ਆਸ ਰਹੇਗੀ।

ਹਰਬੰਸ ਬੁੱਟਰ ਕੈਲਗਰੀ




# ਪੰਜੀਰੀ ਵਰਗੇ ਸੱਜਣ ਸੱਜਣੋ



ਪੰਸਾਰੀ ਦੀ ਹੱਟ ਚ ਬੈਠੀ
ਪੁੱਛਦੀ ਹਰੜ ਬਹੇੜੇ ਨੂੰ
ਕਾਹਤੋਂ ਨਰਕ ਬਣਾਵੇ ਬੰਦਾ
ਜੱਗ ਦੇ ਸੋਹਣੇ ਵਿਹੜੇ ਨੂੰ

ਖਸਖਸ ਜਿੰਨੀ ਔਕਾਤ ਨੀ ਏਹਦੀ
ਤੇ ਹਾਉਮੇਂ ਵੱਡੀ ਲਲੇਰਾਂ ਤੋਂ
ਸ਼ਰਦਾਈ ਵਰਗੀ ਠੰਡਕ ਲੱਭੇ
ਅਨਾੜੀ ਅੱਗ ਦੇ ਢੇਰਾਂ ਚੋਂ

ਦਾਖਾਂ ਜਿਹੀਆਂ ਮਿੱਠੀਆਂ ਗੱਲਾਂ
ਖਿਆਲ ਨੇ ਫਿੱਕੇ ਖਿੱਲਾਂ ਤੋਂ
ਚਿਹਰੇ ਭੋਲੇ ਘੁੱਗੀਆਂ ਵਰਗੇ
ਕਰਤੂਤੀਂ ਭੈੜੇ ਇੱਲ੍ਹਾਂ ਤੋਂ

ਗੂੰਦ ਕਤੀਰੇ ਵਰਗੇ ਕਈ
ਠੰਡ ਕਾਲਜੇ ਪਾਉਂਦੇ ਨੇ
ਪੰਜੀਰੀ ਵਰਗੇ ਸੱਜਣ ਸੱਜਣੋ
ਖਾਧੇ ਤੋਂ ਰੰਗ ਵਿਖਾਉਂਦੇ ਨੇ

ਕਮਰਕਸ ਦੇ ਵਾਂਗ ਹਮੇਸ਼ਾ
ਕੁਲਵਿੰਦਰਾ ਕਸਿਆ ਰਹਿੰਦਾ ਏ
ਆਪਣੇ ਬੁਣੇ ਜਾਲ ਚ ਬੰਦਾ
ਜਿੰਦਗੀ ਭਰ ਫਸਿਆ ਰਹਿੰਦਾ ਏ

**ਕੁਲਵਿੰਦਰ ਸਿੱਧੂ ਕਾਮੇ ਕਾ**




# SPRING INTO SAVINGS

** ਤੁਸੀਂ ਆਪਣੇ ਨਵੇਂ ਘਰ ਦੀ ਕੀਮਤ ਵਿੱਚ 15,000 ਡਾਲਰ ਤੱਕ ਦੀ ਬੱਚਤ ਕਰ ਸਕਦੇ ਹੋ

## ਈਵੈਂਟ ਹੁਣ ਚਾਲੂ ਹੈ







## VESTA ELEVATE COLLECTION

AT COOPER'S CROSSING

ELEVATE YOUR LIVING

VESTAELEVATE.COM















Introducing the Vesta Elevate Collection at Cooper's Crossing featuring an array of homes including 3-Storey Village Townhomes, 2-Storey Brimstone Townhomes, Bungalow Villas with master-on-main living options, and Luxury Urban Monarch Condos with premium amenities. Modern contemporary homes with luxurious interior finishes and unique exterior architecture offers a charming curb appeal in a prime sought-after neighborhood.

**Promotion applies to select homes. Contact our sales team for more details 587.674.3438

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਸਿਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੌਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ:+918544819749 ਜਾਂ 403425252 ***243***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਟਿਵਾਣਾ ਦੇ ਕੈਲਗਰੀ ਸੈਟਲਡ,ਵੈਜੀਟੇਰੀਨ ਲੜਕੇ ਉਮਰ 30 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਐਮ ਬੀ ਏ ਲਈ ਹਾਣ ਪ੍ਰਵਾਣ ਦੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ: 1 825 733 9005 ***243***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

## ਲੜਕੀ ਦੀ ਲੋੜ

ਕਨੇਡਾ ਵਿੱਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸ਼ਿਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉੱਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)**
ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

## ਜੀਵਨ ਸਾਥੀ ਦੀ ਲੋੜ

ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਾਕਸ਼ੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀਲਿਖੀ,**(Innocently Divorced)** ਵਾਸਤੇ ਪੜ੍ਹੇਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ। ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

## ਲੜਕੀ ਦੀ ਲੋੜ

ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

## ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈੱਕ, ਐਮ ਟੈੱਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਵਿਨੀਪੈੱਗ, ਕਨੇਡਾ ਹੀ ਰਹਿ ਰਿਹਾ ਹੈ। ਸੰਪਰਕ: 1- 204 914 3200 ***244 ***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਂਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ।ਸੰਪਰਕ :1 (780) 604-0209 ***244 ***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ-ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿੱਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: : 587 720-3222, 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 or 587 579 4899 ***UN****

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ। ਵਟਸਐਪ: 403 680 0436 ******


## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ
Bhinder Exterior have the following job positions available as listed below.
- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @
+1 403 680 0436
or email at
bhinderexteriors13@gmail.com.




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**Name Change**

I, **BHARPOOR SINGH** son/of **GURCHARN SINGH**, holder of Indian passport No.**R5392829**, issued at **VANCOUVER** , on 30/10/2017, permanent resident of **VPO: BURJ THAROR ,TEH : RAMPURA PHUL ,DISTT: BATHINDA, PUNJAB,INDIA** and presently residing at **5325 CORAL SHORES DR NE CALGARY (AB) T3J3T8 CANADA.** Do hereby change My name from **BHARPOOR SINGH** to **BHARPOOR SINGH SIDHU** with immediate effect.
Date: 22/03/2024 Phone: 403 968 8778

ਵਰਕਰਾਂ ਦੀ ਲੋੜ

Green City is hiring lawn care worker with the following qualifications:
- Class 5 Driving license
- Good English communication skills
- Minimum age 24 required

ਕਾਲ: (403) 606-4160

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.
sikhsocietysknewland@gmail.com

## ਟਰੱਕ ਡਰਾਈਵਰ ਨੂੰ ਦੇਸ਼ ਨਿਕਾਲੇ ਦੀ ਸੁਣਵਾਈ ਸਬੰਧੀ ਹੁਣ ਅਗਲੇ ਮਹੀਨੇ ਨਵੀਂ ਤਾਰੀਖ ਤੈਅ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਛੇ ਸਾਲ ਪਹਿਲਾਂ ਹਬੋਰਡ ਬਲੋਕਜ ਬੱਸ ਹਾਦਸੇ ਦਾ ਕਾਰਨ ਬਣਨ ਵਾਲੇ ਟਰੱਕ ਡਰਾਈਵਰ ਨੂੰ ਦੇਸ਼ ਨਿਕਾਲੇ ਦੀ ਸੁਣਵਾਈ ਦੇ ਸਬੰਧੀ ਹੁਣ ਅਗਲੇ ਮਹੀਨੇ ਨਵੀਂ ਤਾਰੀਖ ਤੈਅ ਕੀਤੀ ਗਈ ਹੈ। ਜਸਕੀਰਤ ਸਿੰਘ ਸਿੱਧੂ ਦੇ ਵਕੀਲ ਮਾਈਕਲ ਨੇ ਕਿਹਾ ਕਿ ਉਹਨਾਂ ਦੇ ਮੁਵੱਕਲ ਸਿੱਧੂ ਦੀ ਸੁਣਵਾਈ ਹੁਣ ਆ ਰਹੀ 24 ਮਈ 2024 ਨੂੰ ਹੋਣੀ ਹੈ। ਵਕੀਲ ਦੇ ਮੁਤਾਬਿਕ ਇਹ ਲਾਜ਼ਮੀ ਸੀ ਕਿ ਇਮੀਗ੍ਰੇਸ਼ਨ ਮੰਤਰੀ ਹਮੇਸ਼ਾ ਇਸ ਦੇ ਅੱਗੇ ਨਾ ਵਧਣ ਦਾ ਫੈਸਲਾ ਕਰ ਸਕਦੇ ਹਨ ਪਰ ਇਸ ਸਮੇਂ ਅਜਿਹਾ ਨਹੀਂ ਹੋਇਆ। ਗੌਰ ਤਲਬ ਕਿ ਸਾਲ 2018 ਚ ਸਸਕੈਚਵਾਨ 'ਚ ਹੋਏ ਹਾਦਸੇ ਚ 16 ਖਿਡਾਰੀਆਂ ਦੀ ਮੌਤ ਅਤੇ 13 ਹੋਰਨਾਂ ਦੇ ਜ਼ਖਮੀ ਹੋਣ ਦੇ ਦੋਸ਼ ਤਹਿਤ ਜਸਕੀਰਤ ਸਿੰਘ ਸਿੱਧੂ ਨੂੰ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਸਨੇ ਇਸ ਸਬੰਧੀ ਖਤਰਨਾਕ ਡਰਾਇਵਿੰਗ ਦੇ ਦੋਸ਼ਾਂ ਨੂੰ ਵੀ ਕਬੂਲ ਕਰ ਲਿਆ ਸੀ। ਸਿੱਧੂ ਨੂੰ ਪਿਛਲੇ ਸਾਲ ਹੀ ਪੂਰੀ ਪੈਰੋਲ ਦਿੱਤੀ ਗਈ ਸੀ ਤੇ ਬੀਤੇ ਦਸੰਬਰ ਦੇ ਵਿੱਚ ਫੈਡਰਲ ਕੋਰਟ ਨੇ ਸਿੱਧੂ ਦੇ ਵਕੀਲ ਦੀਆਂ ਅਰਜ਼ੀਆਂ ਖਾਰਜ ਕਰ ਦਿੱਤੀਆਂ ਸਨ, ਜਿਨਾਂ ਨੇ ਦਲੀਲ ਦਿੱਤੀ ਸੀ ਕਿ ਕੈਨੇਡਾ ਬਾਰਡਰ ਸਰਵਿਸ ਦੇ ਅਧਿਕਾਰੀਆਂ ਨੇ ਸਿੱਧੂ ਦੇ ਪਹਿਲੇ ਸਾਫ ਅਪਰਾਧਿਕ ਰਿਕਾਰਡ ਅਤੇ ਪਛਤਾਵੇ ਤੇ ਵਿਚਾਰ ਨਹੀਂ ਕੀਤਾ ਉਸ ਨੇ ਏਜੰਸੀ ਨੂੰ ਦੂਜੀ ਸਮੀਖਿਆ ਕਰਨ ਦਾ ਆਦੇਸ਼ ਦੇਣ ਦੇ ਲਈ ਵੀ ਕਿਹਾ ਸੀ।

# Qualico Communities launches website for community of Southbow Landing




Calgary (PAB) Qualico Communities Calgary has now announced its builder group, home types, and starting from prices in the community of Southbow Landing with the launch of the community's full website.

Designed with intuitive interfaces and enriched interactive capabilities, the website offers potential homeowners valuable information about Southbow Landing's residential offerings, amenities, location, home models, and unique outdoor lifestyle opportunities.

The new community, located on the south side of Cochrane at the corner of Highway 22 and James Walker Trail, is designed for those who desire to live amidst natural beauty, whilst enjoying a variety of modern amenities. Southbow Landing's unique location offers stunning views of the Rockies, generous green spaces, and future schools, shops, parks, and pathways. It is set to offer comfortable living in a family-friendly neighborhood.

The developer has enlisted some of Alberta's top home builders to provide a diverse range of housing options. The elite team includes Broadview Homes, Daytona Homes, Douglas Homes, NuVista Homes, Sterling Homes, and Trico Homes, who will be delivering quality homes that meet a wide variety of lifestyle needs.

"We are incredibly proud to announce our collaboration with these reputable builders and to provide such a diverse range of home options to potential buyers," said Daisy Lieu, Manager of Marketing and Builder Relations with Qualico Communities. "Our aim is to build a community that will cater to residents at every stage of life - from first-time homebuyers to growing families and retirees." Housing options will include four distinctive home types in the first phase of development: single family Laned and Front Garage Homes, and both Laned and Front Garage Duplexes. Future phases will reveal multi-family home sites and commercial plans for the area. The community's first Show homes are slated to open Fall 2024.

For more information about Southbow Landing's builders, pricing, and its exciting new range of houses, visit www.SouthbowLanding.com.




# ਮੋੜੇਂਗਾ ਕਦ ਮੁਹਾਰਾਂ

ਮਹਿਰਮ ਦਿਲਾਂ ਦੇ ਮਾਹੀ, ਮੋੜੇਂਗਾ ਕਦ ਮੁਹਾਰਾਂ
ਦਿਨ ਰਾਤ ਤੜਪਦੇ ਨੇ, ਅਰਮਾਨ ਬੇਸ਼ੁਮਾਰਾਂ
ਯਾਦਾਂ ਦੇ ਖੰਭ ਲਾ ਕੇ, ਆਈ ਹਾਂ ਕੋਲ ਤੇਰੇ
ਸੀਨੇ ਦੀ ਧੜਕਣਾਂ 'ਚੋਂ ਸੁਣਦੀ ਹਾਂ ਬੋਲ ਤੇਰੇ
ਹਰ ਵੇਲੇ ਤੇਰੀਆਂ ਹੀ ਮੈਂ ਲੱਭਦੀ ਫਿਰਾਂ ਨੁਹਾਰਾਂ
ਮਹਿਰਮ ਦਿਲਾਂ ਦੇ ਮਾਹੀ...

1975 ਵਿੱਚ ਇਹ ਗੀਤ ਪੰਨਾ ਲਾਲ ਕੱਥਕ ਦੇ ਸੰਗੀਤ ਵਿੱਚ ਸੁਰਿੰਦਰ ਕੌਰ ਦੀ ਸੁਰੀਲੀ ਆਵਾਜ਼ 'ਚ ਹਿਜ਼ ਮਾਸਟਰਜ਼ ਵਾਇਸ ਕੰਪਨੀ ਨੇ ਰਿਕਾਰਡ ਨੰਬਰ- EASO1711 ਵਿੱਚ ਰਿਕਾਰਡ ਕੀਤਾ। ਇਹ ਗੀਤ ਰੇਡੀਓ 'ਤੇ ਬਹੁਤ ਵੱਜਿਆ। ਇਸ ਗੀਤ ਦੇ ਗੀਤਕਾਰ 'ਸਾਧੂ ਸਿੰਘ ਆਂਚਲ' ।ਹਨ, ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਹੀ ਸਾਧੂ ਸਿੰਘ ਆਂਚਲ ਦਾ ਲਿਖਿਆ ਗੀਤ ਇਸ ਤੋਂ ਪਹਿਲਾਂ 1974 ਵਿੱਚ ਰਿਕਾਰਡ ਹੋ ਗਿਆ ਸੀ, ਜਿਸਦੇ ਬੋਲ ਸਨ:


ਪੈਰੀਂ ਨਵੀਆਂ ਝਾਂਜਰਾਂ ਪਾਈਆਂ
ਲੰਬੜਾਂ ਦੀ ਬੰਤੋ ਨੇ
ਛਣ ਛਣ ਛਣਕਾਈਆਂ

ਗਾਇਕਾ- ਸੁਰਿੰਦਰ ਕੌਰ — ਗੀਤਕਾਰ- ਸਾਧੂ ਸਿੰਘ 'ਆਂਚਲ'
ਸੰਗੀਤ- ਪੰਡਿਤ ਸ਼ਿਵ ਰਾਮ — ਰਿਕਾਰਡ ਨੰ: 45N-93394
ਸਾਲ- 1974 — ਕੰਪਨੀ- ਐਚ.ਐਮ.ਵੀ.

ਉਂਞ ਮਹਿਰਮ ਦਿਲਾਂ ਦੇ ਮਾਹੀ' ਗੀਤ ਨਾਲ ਆਂਚਲ ਦੀ ਪ੍ਰਸਿੱਧੀ ਬਹੁਤ ਵੱਧ ਗਈ ਸੀ।

ਸਾਧੂ ਸਿੰਘ ਆਂਚਲ ਦਾ ਜਨਮ 9 ਅਕਤੂਬਰ 1932 ਨੂੰ ਪਿਤਾ ਸ੍ਰ. ਬਚਿੱਤਰ ਸਿੰਘ ਦੇ ਘਰ ਮਾਤਾ ਕਿਰਪਾਲ ਕੌਰ ਦੀ ਕੁੱਖੋਂ ਪਿੰਡ ਪਧਿਆਣਾ, ਜਿਲਾ ਜਲੰਧਰ ਵਿੱਚ ਹੋਇਆ। ਸਾਧੂ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਸਕੂਲੀ ਪੜ੍ਹਾਈ ਤੋਂ ਬਾਅਦ ਬੀ. ਏ. ਕਰਕੇ ਸਾਧੂ ਸਿੰਘ ਜੀ ਦਿੱਲੀ ਪੁਲਿਸ ਵਿੱਚ ਭਰਤੀ ਹੋ ਗਏ। ਆਪਣੀ ਨੌਕਰੀ ਦੌਰਾਨ ਹੀ ਉਹਨਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਐਮ. ਏ. ਪੰਜਾਬੀ ਕੀਤੀ।

ਸਾਧੂ ਸਿੰਘ ਨੂੰ ਸਕੂਲ ਦੇ ਵੇਲੇ ਤੋਂ ਹੀ ਗੀਤਾਂ ਦਾ ਸ਼ੌਕ ਸੀ। ਆਪ ਹੀ ਗੀਤ ਲਿਖਣ ਦਾ ਤੇ ਲਿਖ ਕੇ ਆਪ ਗਾਉਣ ਦਾ। ਪਰ ਗਾਉਣ ਵਾਲਾ ਸ਼ੌਕ ਪ੍ਰਫੁੱਲਤ ਨਾ ਹੋ ਸਕਿਆ ਤੇ ਗੀਤਕਾਰੀ ਵਾਲਾ ਸ਼ੌਕ ਬਹੁਤ ਜ਼ਿਆਦਾ ਤਪਸ਼ ਫੜ ਗਿਆ। ਪਿੰਡ ਦੀ ਪੜ੍ਹਾਈ ਤੋਂ ਬਾਅਦ 'ਆਂਚਲ' ਜੀ ਦੀ ਸਾਰੀ ਜ਼ਿੰਦਗੀ ਦਿੱਲੀ 'ਚ ਹੀ ਬੀਤੀ, ਪਰ ਪਿੰਡ ਦੇ ਜੰਮੇ ਜਾਏ


ਸਾਧੂ ਸਿੰਘ ਆਂਚਲ

ਹੋਣ ਕਰਕੇ ਉਹਨਾਂ ਦੇ ਗੀਤਾਂ 'ਚ ਹਮੇਸ਼ਾ ਪੰਜਾਬ ਦੇ ਪਿੰਡਾਂ ਦੀ ਹੀ ਤਸਵੀਰ ਨਜ਼ਰੀਂ ਪੈਂਦੀ ਸੀ:

ਤੂੰ ਨਾ ਆਵੇਂ ਘਰ ਵੇ, ਮੇਰਾ ਮੱਚੇ ਕਾਲਜਾ
ਰਾਤੀਂ ਲੱਗਦੈ ਡਰ ਵੇ, ਮੇਰਾ ਮੱਚੇ ਕਾਲਜਾ.. ..

ਜੂਹਾਂ ਵਿੱਚੋਂ ਚਰ ਕੇ ਮੁੜੀਆਂ, ਘਰ ਨੂੰ ਮੱਝੀਆਂ ਗਾਈਆਂ
ਇਕ-ਇਕ ਕਰਕੇ ਲਿਸ਼ਕੇ ਤਾਰੇ, ਅੰਬਰੀਂ ਲਾਲੀਆਂ ਛਾਈਆਂ
ਮੈਂ ਦਿਲਗੀਰ ਵਿਯੋਗ ਤੇਰੇ ਵਿੱਚ ਤਰਲੇ ਰਹੀਆਂ ਕਰ ਵੇ
ਮੇਰਾ ਮੱਚੇ ਕਾਲਜਾ, ਤੂੰ ਨਾ ਆਵੇਂ ਘਰ ਵੇ.. ..

1982 ਵਿੱਚ ਐਚ. ਐਮ. ਵੀ. ਨੇ ਪਹਿਲੀ ਵਾਰ ਜਸਪਿੰਦਰ ਨਰੂਲਾ ਨੂੰ ਰਿਕਾਰਡ ਕੀਤਾ ਸੀ। ਜਿਸ ਵਿੱਚ ਸਾਰੇ ਗੀਤ ਮਾਡਰਨ ਸੰਗੀਤ ਨਾਲ ਰਿਕਾਰਡ ਕੀਤੇ ਗਏ। ਉਹ ਐਲ.ਪੀ. ਰਿਕਾਰਡ ਹੈ, ਜਿਸਦਾ ਲੜੀ ਨੰਬਰ- ECSD3066. ਇਸ ਰਿਕਾਰਡ ਦਾ ਟਾਇਟਲ ਹੈ, 'ਡਿਸਕੋ ਦੀ ਰਾਤ ਚੰਨਾ'। ਇਸ ਵਿੱਚ ਆਂਚਲ ਸਾਹਿਬ ਦਾ ਗੀਤ ਐ:

ਆ ਵੀ ਜਾ, ਆ ਵੀ ਜਾ
ਆ ਗਈ ਬਹਾਰ ਸਾਡੇ ਵਿਹੜੇ
ਬੁੱਲਬਲਾਂ ਨੇ ਗੀਤ ਗਾਉਂਦੀਆਂ
ਭੌਰਾਂ ਨੇ ਮਲਹਾਰ ਛੇੜੇ...

1980 ਵਿੱਚ ਐਚ. ਐਮ. ਵੀ. ਕੰਪਨੀ ਨੇ ਅੱਠ ਗੀਤਾਂ ਵਾਲਾ ਇਕ ਵੱਡਾ ਰਿਕਾਰਡ ਬਣਾਇਆ, ਜਿਸ ਵਿੱਚ ਸਾਰੇ ਦੋਗਾਣੇ ਰਿਕਾਰਡ ਕੀਤੇ ਗਏ। ਇਸ ਰਿਕਾਰਡ ਵਿੱਚ ਉਸ ਸਮੇਂ ਦੀਆਂ ਸਾਰੀਆਂ ਵੱਡੀਆਂ ਗਾਇਕ ਜੋੜੀਆਂ ਦੇ ਦੋਗਾਣੇ ਸਨ। ਜਿਨ੍ਹਾਂ ਵਿੱਚ ਮੁਹੰਮਦ ਸਦੀਕ-ਰਣਜੀਤ ਕੌਰ, ਕੇ. ਦੀਪ-ਜਗਮੋਹਣ ਕੌਰ, ਦੀਦਾਰ ਸੰਧੂ-ਸੁਰਿੰਦਰ ਕੌਰ, ਏ. ਐਸ. ਕੰਗ-ਸੁਰਿੰਦਰ ਕੌਰ। ਇਸ ਰਿਕਾਰਡ ਵਿੱਚ ਏ. ਐਸ. ਕੰਗ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਦੋਵੇਂ ਹੀ ਗੀਤ, ਸਾਧੂ ਸਿੰਘ ਆਂਚਲ ਦੇ ਸਨ। ਇਕ ਦੋਗਾਣੇ ਦੇ ਬੋਲ ਸਨ:

ਸੁਰਿੰਦਰ ਕੌਰ- ਮੈਨੂੰ ਹੀਰ ਕਹਿ ਕੇ ਫੇਰ ਨਾ ਬੁਲਾਈਂ ਮੁੰਡਿਆ
ਵੇ ਰਾਹ ਜਾਂਦੀ ਨਾ ਬਲਾ ਗਲ ਪਾਈਂ ਮੁੰਡਿਆ
ਏ. ਐਸ. ਕੰਗ- ਤੈਨੂੰ ਹੀਰ ਕਹਿ ਕੇ ਗੋਰੀਏ ਬੁਲਾ ਲਿਆ ਤਾਂ ਕੀ
ਚਿੱਤ ਮਿੱਤਰਾਂ ਘੜੀ ਜੇ ਪ੍ਰਚਾ ਲਿਆ ਤਾਂ ਕੀ

ਦੂਸਰੇ ਦੋਗਾਣੇ ਵਿੱਚ ਪਤਨੀ ਪਤੀ ਨੂੰ ਵਿਦੇਸ਼ ਜਾਣ ਤੋਂ ਰੋਕਦੀ ਹੈ ਤੇ ਉਸ ਨੂੰ ਸਮਝਾਉਂਦੀ ਹੈ ਕਿ ਪਿੰਡ ਦੀ ਕਮਾਈ ਵੀ ਵਲੈਤ ਤੋਂ ਘੱਟ ਨਹੀਂ:

ਪਤਨੀ- ਦਿਨ ਕੱਟ ਵੇ ਜੱਟਾ ਦਿਨ ਕੱਟ ਵੇ
ਸਾਨੂੰ ਪਿੰਡ ਦੀ ਕਮਾਈ ਨਾ ਵਲੈਤੋਂ ਘੱਟ ਵੇ
ਪਤੀ- ਕਿੰਝ ਕੱਟੀਏ ਨੀ ਦਿਨ ਕਿੰਝ ਕੱਟੀਏ
ਬੁਰਾ ਹਾਲ ਬਾਂਕੇ ਨੇ ਦਿਹਾੜੇ ਜੱਟੀਏ
ਪਤਨੀ- ਪਿੰਡ 'ਪਧਿਆਣੇ' ਦੇ ਵਿੱਚ ਲੋਕਾਂ
ਛੱਤ ਲਏ ਮਹਿਲ ਚੁਬਾਰੇ
ਅਸੀਂ ਕਿਹੜੇ ਨੇ ਦੱਸ ਵੇ ਮਾਹੀਆ
ਰੱਬ ਦੇ ਮਾਂਹ ਨੇ ਮਾਰੇ
ਦਿਨ ਇਕੋ ਜਿਹੇ ਰਹਿਣ ਨਾ ਤੂੰ ਦੱੜ ਵੱਟ ਵੇ
ਪਤੀ- ਜਾਣ ਦੇ ਮੈਨੂੰ ਵਿੱਚ ਵਲਾਇਤਾਂ
ਭੇਜੂੰ ਪੌਂਡ ਕਮਾ ਕੇ
'ਆਂਚਲ' ਤੈਨੂੰ ਲੰਦਨੋਂ ਭੇਜੂ
ਬੈੱਲਬਾਟਮ ਬਣਵਾ ਕੇ
ਐਂਵੇ ਨਖਰੇ ਨਾ ਕਰ ਖੇਖਣਾਂ ਦੀ ਪੱਟੀਏ

1981 ਵਿੱਚ ਐਚ. ਐਮ. ਵੀ. ਕੰਪਨੀ ਨੇ ਇੰਗਲੈਂਡ ਦੀ ਗਾਇਕਾ, ਮਹਿੰਦਰਜੀਤ ਕੌਰ ਭਮਰਾ ਦਾ ਐਲ. ਪੀ. ਰਿਕਾਰਡ ਬਣਾਇਆ। ਜਿਸ ਦਾ ਲੜੀ ਨੰਬਰ: ECSD-3042 ਅਤੇ ਟਾਇਟਲ ਹੈ 'ਬਹਾਰਾਂ ਖਿੜ ਪਈਆਂ'। ਇਸ ਰਿਕਾਰਡ ਵਿੱਚ 'ਆਂਚਲ' ਜੀ ਦੀ ਲਿਖੀ 'ਸੱਸੀ' ਬਹੁਤ ਸਰਾਹੀ ਗਈ, ਜਿਸਦੇ ਬੋਲ ਹਨ:

ਬਹਿ ਖੁਰੇ 'ਤੇ ਡਾਚੀ ਦੇ, ਸੱਸੀ ਪੁੰਨਣਾ ਪੁੰਨਣਾ ਕਰਦੀ
ਦੁਨੀਆਂ ਬੇਦਰਦਾਂ ਦੀ, ਕੋਈ ਨਜ਼ਰ ਨਾ ਆਵੇ ਦਰਦੀ
ਮਰ ਮਰ ਕੀ ਜੀਅ ਲੈਂਦੇ, ਜਿਨਾਂ ਪ੍ਰੇਮ ਪਿਆਲੇ ਪੀਤੇ
ਡੁੱਬ ਡੁੱਬ ਕੇ ਤਰ ਜਾਂਦੇ, ਜਿਨਾ ਇਸ਼ਕ ਹੁਲਾਰੇ ਲੀਤੇ
'ਆਂਚਲ' ਜਿਹੜਾ ਡਰ ਜਾਵੇ, ਮੌਤੋਂ ਪ੍ਰੀਤ ਨਾ ਦੇਖੀ ਡਰਦੀ

1982 ਵਿੱਚ ਐਚ. ਐਮ. ਵੀ. ਕੰਪਨੀ ਨੇ ਸਾਰੇ ਵੱਡੇ ਕਲਾਕਾਰਾਂ ਦਾ ਇਕ ਐਲ. ਪੀ. ਰਿਕਾਰਡ ਬਣਾਇਆ, ਜਿਸਨੂੰ ਐਚ.ਐਮ.ਵੀ. ਨਾਇਟ ਦਾ ਨਾਂ ਦਿੱਤਾ ਗਿਆ। ਇਸ ਦਾ ਲੜੀ ਨੰਬਰ: GECSD-3058 ਸੀ। ਇਸ ਵਿੱਚ ਮੁਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ, ਕੁਲਦੀਪ ਮਾਣਕ, ਗੁਰਦਾਸ ਮਾਨ, ਕੇ. ਦੀਪ-ਜਗਮੋਹਣ ਕੌਰ, ਕੇ.ਐਸ. ਕੂਨਰ, ਏ.ਐਸ. ਕੰਗ ਦੀਆਂ ਆਵਾਜ਼ਾਂ ਵਿੱਚ ਗੀਤ ਰਿਕਾਰਡ ਕੀਤੇ ਗਏ। ਇਸ ਰਿਕਾਰਡ ਵਿੱਚ ਏ. ਐਸ. ਕੰਗ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਸਾਧੂ ਸਿੰਘ ਆਂਚਲ ਦਾ ਗੀਤ ਜਿਸ ਦੇ ਬੋਲ ਸਨ:

ਮੋਰ ਪੰਖੀਆ ਚੁੰਨੀ ਲੈ ਕੇ, ਲੁੱਕ-ਲੁੱਕ ਕਰੇਂ ਇਸ਼ਾਰੇ
ਨੀਂ ਅੱਲ੍ਹੜ ਮੁਟਿਆਰੇ
ਦੰਦ ਤੇਰੇ ਜਿਉਂ ਚਿੱਟਾ ਮੋਤੀਆ, ਖਿੜ-ਖਿੜ ਮਹਿਕ ਖਿਲਾਰੇ
ਨੀਂ ਅੱਲ੍ਹੜ ਮੁਟਿਆਰੇ

ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਸਾਧੂ ਸਿੰਘ ਆਂਚਲ ਦੇ ਲਿਖੇ ਧਾਰਮਿਕ ਗੀਤਾਂ ਦੀ ਐਲਬਮ ਰਿਕਾਰਡ ਹੋਈ, ਜਿਸ ਦਾ ਟਾਇਟਲ ਸੀ 'ਦਸਮੇਸ਼ ਦਰਸ਼ਨ':

ਥੋੜ੍ਹੇ ਜਿਹੇ ਸਿੰਘ
ਨਾਲੇ ਸਾਰਾ ਪਰਿਵਾਰ ਏ
ਪਿੱਛੇ ਪਿੱਛੇ ਸਾਰੇ ਅੱਗੇ ਸ਼ਾਹ ਅਸਵਾਰ ਏ
ਪਿਆ 'ਆਂਚਲ' ਵਿਛੋੜਾ ਡਾਹਢਾ ਭਾਰਾ
ਕਿਸੇ ਤੋਂ ਨਾ ਜਾਵੇ ਝੱਲਿਆ
ਵੇਖੋ ਹੋ ਕੇ ਮਜ਼ਬੂਰ ਬਾਜਾਂ ਵਾਲਾ
ਅਨੰਦਪੁਰ ਛੱਡ ਚੱਲਿਆ

ਪੰਜਾਬ ਦੇ ਰਾਜ ਗਾਇਕ ਵਜੋਂ ਜਾਣੇ ਜਾਂਦੇ 'ਹੰਸ ਰਾਜ ਹੰਸ' ਦੀ ਆਵਾਜ਼ ਵਿੱਚ ਆਂਚਲ ਜੀ ਦਾ ਗੀਤ ਦੇਖੋ:

ਖਿੜ-ਖਿੜ ਹੱਸਦੀ ਦੇ ਨੀਂ
ਕਿਰ ਜਾਣ ਨਾ ਚੰਦਰੀਏ ਹਾਸੇ
ਅੱਧਾ ਸ਼ਹਿਰ ਤੂੰ ਲੁੱਟਿਆ
ਅੱਧਾ ਲੁੱਟ ਲਿਆ ਤੇਰੇ ਨੀ ਦੰਦਾਸੇ

ਸੁਰਾਂ ਦੇ ਸਿਕੰਦਰ ਭਾਵ ਸਰਦੂਲ ਸਿਕੰਦਰ ਦੀ ਸਭ ਤੋਂ ਹਿੱਟ ਐਲਬਮ 'ਹੁਸਨਾਂ ਦੇ ਮਾਲਕੋ' ਜਿਸਨੂੰ ਸੁਰ ਸਮਰਾਟ ਚਰਨਜੀਤ ਆਹੂਜਾ ਜੀ ਨੇ ਸੰਗੀਤਬੱਧ ਕੀਤਾ ਸੀ, ਉਸ ਵਿੱਚ ਆਂਚਲ ਜੀ ਦਾ ਗੀਤ:

ਕੁੜੀ ਦੁਆਬੇ ਦੀ, ਨੱਚ ਨੱਚ ਧਰਤ ਹਿਲਾਵੇ
ਮਾਲਵੇ ਮਾਝੇ ਦੀ, ਤਾਬ ਝੱਲੀ ਨਾ ਜਾਵੇ
ਆ ਵੇ ਪ੍ਰਾਹੁਣਿਆ, ਬਹਿ ਵੇ ਪ੍ਰਾਹੁਣਿਆ
ਕਿੱਥੇ ਤਾਂ ਤੇਰਾ ਘਰ ਵੇ
ਸੋਹਣਾ ਤਾਂ ਤੇਰਾ ਚਿੱਟਾ ਚਾਦਰਾ
ਗਿੱਠ ਗਿੱਠ ਲਮਕਣ ਲੜ ਵੇ
ਬੋਲੀਆਂ ਪਾਉਂਦੀ ਕੱਢਦੀ ਧਾਰਾਂ
ਚੋਬਰ ਸੁਣਦਾ ਜਾਵੇ, ਕੁੜੀ ਦੁਆਬੇ ਦੀ..

ਆਂਚਲ ਜੀ ਨੇ ਦਿੱਲੀ ਪੁਲਿਸ ਵਿੱਚ ਰਹਿੰਦਿਆਂ ਹੋਇਆਂ ਤਰੱਕੀਆਂ ਮਾਣੀਆਂ ਅਤੇ ਐਸਿਸਟੈਂਟ ਕਮਿਸ਼ਨਰ ਆਫ ਪੁਲਿਸ ਦੇ ਅਹੁਦੇ ਤੋਂ ਰਿਟਾਇਰਮੈਂਟ ਲਈ। ਆਪਣੇ ਸੇਵਾ ਕਾਲ ਦੌਰਾਨ ਉਹਨਾਂ ਨੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਸਵੈ-ਰੱਖਿਆ ਦੀਆਂ ਕਲਾਸਾਂ ਵੀ ਲਈਆਂ। ਸੀ. ਬੀ. ਐਸ. ਈ. ਦਿੱਲੀ ਦੁਆਰਾ ਪ੍ਰਕਾਸ਼ਿਤ ਨੌਵੀਂ ਜਮਾਤ ਦੀ ਕਿਤਾਬ 'ਸਾਹਿਤਕ ਕਿਰਨਾਂ' ਵਿੱਚ ਆਂਚਲ ਜੀ ਦਾ ਲੇਖ 'ਸਵੈ ਰੱਖਿਆ' ਸਿਲੇਬਸ ਵਿੱਚ ਪੜ੍ਹਾਇਆ ਜਾਂਦਾ ਹੈ।

ਉਨ੍ਹਾਂ ਨੇ 'ਸੱਧਰਾਂ ਦੀਆਂ ਲਾਸ਼ਾਂ'(1959), 'ਬਿਰਹੋਂ ਪਿਆ ਸਾਡੇ ਖ਼ਿਆਲ' (1967), 'ਦਿਲ ਦੇ ਦਾਗ' (1976), 'ਆਹਾਂ ਤੇ ਅੱਥਰੂ'(1988), 'ਦਰਦ ਵਿਛੋੜੇ ਦਾ ਹਾਲ' (1990), 'ਨਹੀਂ ਰੀਸਾਂ ਪੰਜਾਬ ਦੀਆਂ' (1993) ਪੁਸਤਕਾਂ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਅਖੀਰ 20 ਅਗਸਤ 2017 ਨੂੰ ਪੰਜਾਬੀ ਗੀਤਕਾਰੀ ਦਾ ਇਹ ਰਾਂਗਲਾ ਆਂਚਲ ਹਮੇਸ਼ਾ ਲਈ ਸਾਥੋਂ ਖੁੱਸ ਗਿਆ, ਕਿਧਰੇ ਦੂਰ ਉੱਡ ਗਿਆ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਗੁੜ ਦੀ ਕਹਾਣੀ

ਗੁੜ ਦੀ ਡਲੀ ਬੰਦੇ ਨੂੰ ਆਂਹਦੀ ਤੂੰ ਮੈਨੂੰ ਖਾਧਾ ਮੂੰਹ ਮਿੱਠਾ ਕੀਤਾ ਤੇ ਪਾਣੀ ਪੀ ਅਨੰਦਿਤ ਹੋ ਗਿਆ, ਹੋ ਸਕਦੈ ਤੈਨੂੰ ਲੱਗਿਆ ਹੋਵੇ ਇਸ ਨਿੱਕੀ ਜਿਹੀ ਗੁੜ ਦੀ ਰੋੜੀ ਦਾ ਕੀ ਹੈ ? ਪਰ ਤੂੰ ਨਹੀਂ ਜਾਣਦਾ ਧਰਤੀ ਵਿੱਚ ਦੱਬੀ ਮਾਮੂਲੀ ਅੱਖ ਦੀ ਤੁਰੀ ਬਣ ਗੰਨੇ ਦਾ ਰੂਪ ਧਾਰਨਾ ਅਤੇ ਪੂਰੇ ਬਾਰਾਂ ਮਹੀਨੇ ਖੇਤ 'ਚ ਖੜ੍ਹੀ ਲੱਤ ਰਹਿ ਗੁੜ ਤੱਕ ਦਾ ਸਫਰ ਕਿੰਨਾ ਲੰਬਾ ਤੇ ਕਠਨਾਈ ਭਰਿਆ ਹੈ।

ਜੇ ਕਦੇ ਇਸ ਬਾਰੇ ਨਹੀਂ ਸੋਚਿਆ ਤਾਂ ਫਿਰ ਸੁਣ । ਬੰਦੇ ਨੂੰ ਸੰਬੋਧਿਤ ਹੁੰਦਿਆਂ ਲੰਬੂਤਰਾ ਜਿਹਾ ਗੰਨਾ ਦੱਸਣ ਲੱਗਿਆ ਸਭ ਤੋਂ ਪਹਿਲਾਂ ਮੈਂ ਮਿੱਟੀ 'ਚ ਆਪਾ ਗਾਲ਼ਕੇ ਫੁਟਾਰਾ ਕੱਢਦਾ ਹਾਂ। ਫਿਰ ਜੇਠ ਹਾੜ ਦੀ ਗਰਮੀ ਵਿੱਚ ਆਪਣੇ ਆਪ ਨੂੰ ਬਚਾ ਕੇ ਮੁਸ਼ਕਿਲ ਨਾਲ ਵੱਡਾ ਹੁੰਦਾ ਹਾਂ। ਮੇਰੀਆਂ ਕੋਮਲ ਪੱਤੀਆਂ ਦੀ ਗੋਭ ਨੂੰ ਕਦੇ ਕਨਸੂਆ ਡੰਗਦਾ ਹੈ ਤੇ ਕਦੇ ਪਿੰਡੇ ਲੂੰਹਦੀ ਲੂ। ਹਰਿਆਲੀ ਲੂੰਹਦੀ ਲੂ ਤੋਂ ਬਾਅਦ ਮੀਂਹ, ਹਨੇਰੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਿਆਦਾ ਬਰਸਾਤਾਂ 'ਚ ਤੁਹਾਡੀ ਸੇਵਾ ਲਈ ਤਿਆਰ ਹੋ ਰਿਹਾ ਮਿੱਠਾ ਸੰਭਾਲ ਕੇ ਰੱਖਣਾ ਸੁਖਾਲਾ ਕੰਮ ਨਹੀਂ। ਜੁਲਾਈ ਮਹੀਨੇ ਕਦੇ ਧਰਤੀ ਦੀ ਸਲਾਬ 'ਚ ਤੇਜ ਹਵਾ ਦੇ ਬੁੱਲੇ ਮੈਨੂੰ ਸੁੱਟ ਲੈਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਦੇ ਖੁੱਡਾਂ ਵਿੱਚੋਂ ਬਾਹਰ ਨਿਕਲੇ ਚੂਹੇ। ਕਦੇ ਜੂੰਅ ਦਾ ਹਮਲਾ ਹੁੰਦਾ ਹੈ ਤੇ ਕਦੇ ਕਾਲੀ ਉੱਲੀ ਦਾ। ਇੱਕ ਪਾਸੇ ਸਰੀਰਕ ਵਾਧੇ ਦਾ ਖਿਆਲ ਰੱਖਣਾ ਪੈਂਦਾ ਹੈ ਤੇ ਦੂਸਰੇ ਪਾਸੇ ਸਰੀਰਕ ਬਿਮਾਰੀਆਂ ਦਾ। ਯੁੱਧ ਦੇ ਮੈਦਾਨ ਵਰਗੇ ਇਹ ਦਿਨ ਜਦੋਂ ਮੁੱਕਦੇ ਹਨ ਤਾਂ ਸਰਦੀ ਸ਼ੁਰੂ ਹੋ ਜਾਂਦੀ ਹੈ। ਉਂਞ ਬਾਕੀ ਮੌਸਮਾਂ ਨਾਲੋਂ ਇਹ ਰੁੱਤ ਥੋੜੀ ਚੰਗੀ ਹੈ ਮੇਰੇ ਲਈ। ਪਰ ਸੂਰਾਂ ਵੱਲੋਂ ਚੂਪੇ ਜਾਣ ਦਾ ਡਰ ਤੇ ਦੁਸਹਿਰੇ




ਦੇ ਦਿਨਾਂ 'ਚ ਮਨੁੱਖਾਂ ਵੱਲੋਂ ਕੱਚੇ ਨੂੰ ਹੀ ਪੁੱਟ ਕੇ ਲੈ ਜਾਣ ਦੀ ਦਹਿਸ਼ਤ ਸਿਰ ਚੁੱਕ ਲੈਂਦੀ ਹੈ। ਦਸ ਮਹੀਨੇ ਦਾ ਲੰਬਾ ਸਫਰ ਤੈਅ ਕਰਕੇ ਜਦੋਂ ਮੈਂ ਕੁੱਝ ਕੁੱਝ ਥਾਂ ਸਿਰ ਹੁੰਦਾ ਹਾਂ ਤਾਂ ਲੋਹੜੇ ਦੀ ਸਰਦੀ ਸਾਹ ਸੂਤ ਲੈਂਦੀ ਹੈ। ਫਰਵਰੀ ਮਾਰਚ ਮਹੀਨੇ ਸ਼ੁਰੂ ਹੋ ਜਾਂਦਾ ਹੈ ਗੁੜ ਬਣਨ ਵੱਲ ਮੇਰਾ ਸਫਰ। ਜਦੋਂ ਮਜਦੂਰ ਮੈਨੂੰ ਧਰਤੀ ਤੋਂ ਉਖਾੜਦੇ ਹਨ ਤਾਂ ਮੈਂ ਬਚ ਜਾਣ ਦੀ ਆਖਰੀ ਕੋਸ਼ਿਸ਼ ਵਿੱਚ ਉਨ੍ਹਾਂ ਦੇ ਚੀਰਿਆਂ ਦੇ ਡੰਗ ਵੀ ਮਾਰਦਾ ਹਾਂ ਪਰ ਉਹ ਤਿੱਖੇ ਦਾਤਰਾਂ ਨਾਲ ਮੇਰਾ ਪਤ ਪਤ ਨੋਚ ਛੱਡਦੇ ਹਨ। ਬੁਰੀ ਤਰ੍ਹਾਂ ਕੱਟ ਵੱਢ ਕੇ ਮੈਨੂੰ ਘੁਲਾੜੇ ਵੱਲ ਤੋਰ ਦਿੱਤਾ ਜਾਂਦਾ ਹੈ । ਮੇਰੇ ਗੁੜ ਬਣ ਜਾਣ ਦੀ ਪ੍ਰਕਿਰਿਆ ਬਹੁਤ ਹੀ ਦੁੱਖ ਵਾਲੀ ਤੇ ਖਤਰਨਾਕ ਹੈ। ਇੱਥੇ ਮੇਰਾ ਰਹੁ ਤੇ ਖੋਈ ਆਪਸ ਵਿੱਚ ਲੜ ਬੈਠਦੇ ਹਨ। ਵਟਵਾਰੇ ਵੱਜੋਂ ਖੋਈ ਤੋਂ ਵੱਖ ਹੋਣ ਵਕਤ ਰਹੁ ਖੋਈ ਨੂੰ ਘੁਲਾੜੇ ਦੇ ਭਾਰੀ ਭਰਕਮ ਤੇ ਤਿੱਖੇ ਬੇਲਣਾਂ ਵਿੱਚ ਪਿੜਵਾ ਦਿੰਦਾ ਹੈ। ਪਲਾਂ 'ਚ ਲੰਮੇ ਲੰਝੇ ਗੰਨੇ ਤੋਂ ਰਹਿੰਦ ਖੂੰਹਦ ਦੀ ਮੁੱਠ ਬਣਿਆ ਗੰਨੇ ਦਾ ਸੱਕੜ ਸੁੱਕਣੇ ਪਾ ਦਿੱਤਾ ਜਾਂਦਾ ਹੈ। ਆਪਣਿਆਂ (ਰਹੁ)ਵੱਲੋਂ ਦਿੱਤੇ ਜਖਮ ਜਦੋਂ ਨਸੂਰ ਬਣ ਜਾਣ ਤਾਂ ਰਾਖ ਬਣ ਜਾਣਾ ਮਾਮੂਲੀ ਗੱਲ ਹੈ। ਗੁੱਸੇ 'ਚ ਆਈ ਖੋਈ ਆਪਾ ਫੂਕ ਕੇ ਰਹੁ ਤੋਂ ਬਦਲਾ ਲੈਂਦੀ ਹੋਈ ਰਸ ਨੂੰ ਖੂਬ ਸਾੜਦੀ ਹੈ। ਅੱਧਾ ਘੰਟਾ ਤੱਤੀਆਂ ਤਵੀਆਂ ਵਿੱਚ ਰਿੱਝਣ ਦਾ ਦਰਦ ਮੇਰਾ ਰਸ ਹੀ ਬਿਆਨ ਕਰ ਸਕਦਾ ਹੈ।ਕਈ ਤੌੜੇ ਰਹੁ ਤੋਂ ਕੁੱਝ ਕੁ ਕਿੱਲੋ ਬਣਿਆ ਮੇਰਾ ਸਰੀਰ ਗੰਡ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਪਕਾਵੇ ਲੋਕ ਫਿਰ ਮੇਰੀ ਚੰਡ ਚੰਡਾਈ ਕਰਦਿਆਂ ਖੂਬ ਪਸਲੇਟੇ ਮਾਰਦੇ ਹਨ। 115 ਡਿਗਰੀ ਸੈਲਸੀਅਸ ਤੱਕ ਦਾ ਸੇਕ ਝੱਲ ਮੁੜ ਠੰਡਾ ਹੁੰਦਿਆਂ ਮੈਂ ਗੁੜ ਦਾ ਰੂਪ ਧਾਰਦਾ ਹਾਂ। ਇਨ੍ਹਾਂ ਦੁੱਖਾਂ ਤੇ ਕਸਟਾਂ ਨੂੰ ਝੱਲ ਹੀ ਮੈਂ ਖਾਣ ਵਾਲਿਆਂ ਦੀ ਸਿਹਤ ਲਈ ਸੰਜੀਵਨੀ ਬੂਟੀ ਦਾ ਕੰਮ ਕਰਦਾ ਹਾਂ, ਤੇ ਤੁਸੀਂ ਚਟਖਾਰੇ ਲੈਂਦਿਆਂ ਮੇਰੇ ਵਿੱਚ ਸੌ ਖੋਟ ਕੱਢ ਮਾਰਦੇ ਹੋਂ। ਬੁਰਾ ਮੈਂ ਨਹੀਂ ਬੁਰੇ ਉਹ ਨੇ ਜੋ ਮੇਰਾ ਨਾਮ ਬਦਨਾਮ ਕਰਦਿਆਂ ਮੇਰੀ ਨਕਲ ਕਰ ਕੂੜ ਕਬਾੜ ਤੋਂ ਮੇਰੇ ਵਰਗਾ ਸਮਾਨ ਤਿਆਰ ਕਰ ਕਰ ਮੇਰਾ ਨਾਮ ਲੈ ਲੈ ਵੇਚਦੇ ਹਨ।

(ਹਰਦੀਪ ਜਟਾਣਾ ਮਲਕਪੁਰ ਖਿਆਲਾ ਮਲਵਈ ਗੁੜ ਵਾਲਿਆਂ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)


ਡਾ. ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ




## ਜੋ ਆਪਣਾ ਮਸਤਕ ਨਹੀਂ ਬਦਲਦੇ, ਉਹ ਸਮਾਜ ਦਾ ਕੀ ਬਦਲਣਗੇ ?"

"ਅਪਨੇ ਅੰਦਰ ਕੇ ਬੱਚੇ ਕੋ ਹਮੇਸ਼ਾ ਜ਼ਿੰਦਾ ਰੱਖੀਏ ਸਾਹਿਬ,
ਹੱਦ ਸੇ ਜ਼ਿਆਦਾ ਸਮਝਦਾਰੀ ਜ਼ਿੰਦਗੀ ਕੋ ਬੇਰੰਗ ਕਰ ਦੇਗੀ ।"

ਬਚਪਨ ਵਿੱਚ ਇੱਕ ਸਵਾਲ ਦਾ ਸਾਹਮਣਾ ਅਕਸਰ ਕਰਦੇ ਸੀ ਕਿ ਵੱਡੇ ਹੋ ਕੇ ਕੀ ਬਣੋਗੇ ? ਇਸ ਦਾ ਜਵਾਬ ਉਮਰ ਲੰਘ ਜਾਣ ਪਿੱਛੋਂ ਸਮਝ ਆਇਆ ਹੈ ਕਿ ਦੁਬਾਰਾ ਤੋਂ ਬੱਚੇ ਹੀ ਬਣ ਜਾਈਏ। ਉਮਰ ਨਾਲ ਹੋਰ ਕੁੱਝ ਬਦਲੇ ਜਾਂ ਨਾ, ਬਸ ਬਚਪਨੇ ਦੀ ਜ਼ਿੰਦ ਸਮਝੌਤੇ ਵਿੱਚ ਢਲ ਜਾਂਦੀ ਹੈ।ਸਿਰ ਤੋਂ ਲੰਘੀਆਂ ਧੁੱਪਾਂ ਛਾਵਾਂ ਦੇ ਦਹਾਕੇ ,ਸਿਰਫ਼ ਸੂਰਤ ਹੀ ਨਹੀਂ ਬਦਲਦੇ ਸਗੋਂ ਰਿਸ਼ਤਿਆਂ,ਖਾਹਸ਼ਾਂ ਜਾਂ ਰੀਝਾਂ ਦੇ ਅਰਥ,ਸ਼ਿੱਦਤ ਅਤੇ ਖੁਰਦਾ ਨਿੰਘ ਵੀ ਕਰਵਟ ਬਦਲਦੇ ਹਨ । ਆਉਣ ਵਾਲੇ ਦਹਾਕੇ ਤੱਕ ਵਿਦਾ ਹੋ ਚੱਲੀ ਸਾਡੀ ਪੀੜ੍ਹੀ ਦੇ ਲੋਕ ਵੱਖਰੀ ਹੀ ਤਰਜੇ ਜ਼ਿੰਦਗੀ ਦੇ ਲੋਕ ਰਹੇ ਹਨ। ਸਵੱਖਤੇ ਪਹੁ ਫੁਟਾਲੇ ਨਾਲ ਅਸਮਾਨੀ ਬਿਖਰਦੇ ਸੰਧੂਰੀ ਰੰਗ ਨਾਲ ਸ਼ੁਕਰਾਨਾ ਪਾਲਦੇ ਸੂਰਜ ਅਸਤ ਹੋਣ ਵੇਲੇ ਹੀ ਸੌਣ ਦੀ ਕਾਹਲ ਕਰਦੇ ਹਨ। ਉਹ ਰੱਬ ਤੋਂ ਅਤੇ ਜੱਗ ਤੋਂ ਖੌਫ ਖਾਂਦੇ ਕੁਦਰਤ ਦੇ ਹਰ ਜ਼ੱਰੇ ਨੂੰ ਨੀਝ ਲਾ ਕੇ ਵੇਖਦੇ ਉਸਤੋਂ ਵਾਰੇ ਵਾਰੇ ਜਾਂਦੇ ਰਹੇ। ਮਨਾਹੀਆਂ ਦੀ ਵਾੜ ਅੰਦਰ ਮੌਲਦੀ ਦੇਹੀ ਨਾਲ ਆਪਣੀ ਗੁਲਾਬੀ ਰੁੱਤ ਨੂੰ ਮਰਿਯਾਦਾ ਦੇ ਪਰਦੇ ਹੇਠ ਕਜਦੇ ਵੀ ਆਪਣੇ ਆਪੇ ਤੋਂ ਸੰਗਦੇ ਰਹੇ। ਬਾਂਹ ਵਧਾ ਅਸਮਾਨੋਂ ਤਾਰੇ ਤੋੜ ਮਹਿਬੂਬਾ ਦੇ ਸਿਰ ਟੰਗਣ ਜਿਹੀ ਰੀਝ ਨੂੰ ਸੀਨੇ ਵਿੱਚ ਹੀ ਦੱਬਦੇ ਰਹੇ। ਉਹ ਪਾਈ ਪਾਈ ਦਾ ਹਿਸਾਬ ਡਾਇਰੀ ਤੱਕ ਪੁੱਜਦਾ ਕਰਦੇ ਸਰਫ਼ੇ ਦੀ ਜੂਨ ਭੋਗਦੇ ਰਹੇ। ਪੁਰਾਣੀਆਂ, ਘਸੀਆਂ ਅਤੇ ਹੰਢੀਆਂ ਵਸਤਾਂ ਨਾਲ ਹੀ ਸਬਰ ,ਸੰਤੋਖ ਅਤੇ ਧਰਵਾਸ ਕਰਦੇ ਰਹੇ । ਢਲਦੇ ਪਰਛਾਵਿਆਂ ਵਰਗੇ ਇਹ ਲੋਕ ਵਸਤਾਂ,ਸਾਂਝਾਂ ਅਤੇ ਰਿਸ਼ਤਿਆਂ ਦੀ ਕੀਮਤ ਦੀ ਥਾਂ ਕਦਰ ਵੇਖਦੇ ਰਹੇ। ਭਾਵਨਾ ਦੇ ਵਹਿਣ ਅੰਦਰ ਨਿਭਦੇ ਧੁਰ ਅੰਦਰ ਤੱਕ ਭਿੱਜੇ ਲੋਕ ਹਨ। ਸਕੂਨ,ਤ੍ਰਿਪਤੀ ਜਾਂ ਰੂਹ ਦਾ ਰੱਜ ਨਿੱਕੇ ਨਿੱਕੇ ਵੇਰਵੇ ਤੋਂ ਹੀ ਬੋਚ ਲੈਂਦੇ ਰਹੇ। ਜਿਨ੍ਹਾਂ ਨੂੰ ਸਖਤ ਮਿਹਨਤ ਹਵਾਲੇ ਕਰਦੇ ਉਲਾਦ ਵਿੱਚੋਂ ਹੀ ਆਪਣੀਆਂ ਅਧੂਰੀਆਂ ਰਹੀਆਂ ਲਾਲਸਾਵਾਂ ਪੂਰਨ ਦੇ ਸੁਪਨੇ ਰੱਖਦੇ ਰਹੇ।ਪੈਦਲ ਹੀ ਵਾਟਾਂ ਖਿਚ ਕੇ ਭੈਣ ਭਰਾ ਦੀਆਂ ਨੱਤੀਆਂ ਬੁੱਤੀਆਂ ਸਾਰਦੇ ਕਦੇ ਅਹਿਸਾਨ ਨਹੀਂ ਜਤਾਉਂਦੇ ਸਨ। ਉਮਰ ਮੁੱਕਣ ਤੋਂ ਪਹਿਲਾਂ ਇਹ ਜੀਅ ਭਰ ਕੇ ਜਿਊਣਾ ਚਾਂਹ ਰਹੇ ਹਨ। ਅੱਗਾ ਨੇੜੇ ਆਇਆ ਦਾ ਅਹਿਸਾਸ ਵੀ ਛੇਕੜਲੇ ਪੜਾਅ ਦਾ ਸਹਿਮ ਬੀਜਦਾ ਹੈ। ਚਾਹੇ ਹੁਣ ਸਿਰ ਕੰਪਕਪੇ, ਪਗ ਡਗਮਗੇ ਤੇ ਨੈਣ ਜੋਤ ਤੋਂ ਹੀਣ ਦਾ ਝੋਰਾ ਵੀ ਸਿਰ ਚੁੱਕਦਾ ਹੈ। ਇਨ੍ਹਾਂ ਸਭ ਦੀ ਹੀ ਇਹ ਰੀਝ ਕਿ ਤੁਰਦੇ ਫਿਰਦੇ ਹੀ ਅਗਾਂਹ ਲੰਘ ਜਾਈਏ, ਨਿਤ ਦੀ ਅਰਦਾਸ ਹੁੰਦੀ ਹੈ। ਆਮ ਬੋਲਚਾਲ ਵਿੱਚ ਬਜ਼ੁਰਗਾਂ ਨੂੰ ਦੋ ਵਰਗਾਂ ਵਿੱਚ ਵੰਡ ਕੇ ਵੇਖਿਆ ਜਾਂਦਾ ਹੈ॥ ਇੱਕ ਉਹ ਜੋ ਬੁੱਢੇ ਹਨ ਜਿਹਨਾ ਨੇ ਉਮਰ ਭਰ ਨਿੱਕੀ ਕਣੀ ਦੇ ਮੀਂਹ ਦੀ ਝੜੀ ਨੂੰ ਧਰਤ ਦੀ ਹਿੱਕ ਤੇ ਪੈਂਦੇ ਹੌਲੀ ਹੌਲੀ ਵੇਖਿਆ ਤੇ ਮਾਣਿਆ ਹੈ ਪਰ ਵਕਤ ਦੀ ਤੇਜ਼ ਰਫਤਾਰ ਨਾਲ ਅਧੂਰੀਆਂ ਰੀਝਾਂ ਦਾ ਝੋਰਾ ਪਾਲਿਆ ਹੈ। ਉਹਨਾਂ ਨੂੰ ਟੈਕਨਾਲੋਜੀ ਦੀ ਕੌਤਕੀ ਤਰੱਕੀ ਤੇ ਖਿਝ ਆਉਂਦੀ ਹੈ ,ਗਿਲਾ ਪਲਦਾ ਹੈ,ਉਹ ਲੜਦੇ ਝਗੜਦੇ ਕੁੜਦੇ ਹਰ ਵਕਤ ਟੋਕਾ ਟਾਕੀ ਕਰਦੇ ਆਪਣਾ ਗਿਆਨ ਹੋਰਾਂ ਤੇ ਥੋਪਦੇ ਹਨ। ਦੂਜੇ ਉਹ ਸੀਨੀਅਰ ਸਿਟੀਜਨ ਹਨ ਜੋ ਆਪਣੇ ਆਪ ਨੂੰ ਬੁੱਢਾ ਨਹੀਂ ਆਖਦੇ ,ਸਗੋਂ ਬੁਢਾਪੇ ਨੂੰ ' ਹੱਟ ਪਿੱਛੇ ਫੇਰ ਮਿਲਾਂਗੇ' ਆਖਦੇ ਹਨ। ਉਨ੍ਹਾਂ ਅੰਦਰ ਵਕਤ ਨਾਲ ਕਦਮ ਤਾਲ ਕਰਨ ਦੀ ਰੀਝ ਹੁੰਦੀ ਹੈ। ਜਵਾਨ ਪੀੜ੍ਹੀ ਦੀਆਂ ਕਿਲਕਾਰੀਆਂ, ਬੜਕਾਂ ਅਤੇ ਲੂਹਰੀਆਂ ਤੇ ਵੀ ਤਾੜੀਆਂ ਹੀ ਨਹੀਂ ਮਾਰਦੇ ਸਗੋਂ ਹਿਸਾ ਬਣਨਾ ਲੋਚਦੇ ਹਨ। ਇਹ ਸਮਾਜ ਲਈ ਪ੍ਰੇਰਨਾ ਸਰੋਤ ਹਨ।ਢੇਰੀ ਢਾਹ ਕੇ ਲੰਘੇ ਸਮੇਂ ਤੇ ਨਹੀਂ ਝੂਰਦੇ। ਸਮੇਂ ਨਾਲ ਬਦਲਣ ਦਾ ਸੁਨੇਹਾ ਦੇ ਰਹੇ ਹਨ। ਬਰਨਾਰਡ ਸ਼ਾਹ ਨੇ ਕਿਹਾ ਹੈ, " ਜੋ ਆਪਣਾ ਮਸਤਕ ਨਹੀਂ ਬਦਲਦੇ, ਉਹ ਸਮਾਜ ਦਾ ਕੀ ਬਦਲਣਗੇ ?" ਕੁੱਝ ਵੀ ਕਹੋ ,ਇਹ ਲੋਕ ਜਰਨੈਲੀ ਸੜਕ ਜਿਹੇ ਆਪਣੀ ਉਲਾਦ ਨੂੰ ਮੰਜਿਲ ਤੱਕ ਪੁੱਜਦੀ ਕਰਕੇ ਖੀਵੇ ਹੋ ਜਾਂਦੇ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਮੂੰਹ ਨੂੰ ਜਾਂਦੀ ਬੁਰਕੀ ਇਸ ਉਲਾਦ ਦੇ ਮੂੰਹ ਪਾਈ ਹੈ।ਹੁਣ ਮੁੱਕਦੇ ਤੇਲ ਵਾਲੇ ਦੀਵੇ ਦੀ ਲੋਅ ਵਰਗੇ ਸਾਹ ਬਟੋਰਦੇ ਇਹ ਲੋਕ ਆ ਰਹੀਆਂ ਨਸਲਾਂ ਲਈ ਚਾਨਣ ਮੁਨਾਰਾ ਹਨ।ਇਨ੍ਹਾਂ ਦੀ ਹੋਈ ਬੀਤੀ ਸੁਣ ਕੇ ਅਸੀਸਾਂ ਲਵੋ। ਤੁਹਾਡੇ ਪਹਿਲੇ ਸਾਹ ਵੇਲੇ ਇਹ ਹਾਜਰ ਸਨ, ਇਨ੍ਹਾਂ ਦੇ ਆਖਰੀ ਸਾਹ ਤੱਕ ਤੁਸੀਂ ਵੀ ਹਾਜਰ ਹੋਣ ਦਾ ਯਤਨ ਕਰੋ।

# ਕਈ ਵਾਰ ਹਜੂਮ ਦੇ ਦਬਾਅ ਹੇਠ ਪੁਲਿਸ ਨੂੰ ਫੈਸਲੇ ਲੈਣੇ ਪੈਂਦੇ ਹਨ


ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਆਪਣੀ ਨੌਕਰੀ ਦੌਰਾਨ ਮੈਂ ਵੇਖਿਆ ਹੈ ਕਿ ਜਿਹੜਾ ਵਿਅਕਤੀ, ਯੂਨੀਅਨ ਜਾਂ ਰਾਜਸੀ ਪਾਰਟੀ ਦੋ ਚਾਰ ਹਜ਼ਾਰ ਲੋਕਾਂ ਦਾ ਹਜੂਮ ਇਕੱਠਾ ਕਰ ਸਕਦਾ ਹੈ, ਉਹ ਕਈ ਵਾਰ ਸਰਕਾਰ ਤੇ ਪ੍ਰਸ਼ਾਸ਼ਨ ਤੋਂ ਆਪਣੀਆਂ ਜਾਇਜ਼ ਨਜਾਇਜ਼ ਮੰਗਾਂ ਮੰਨਵਾ ਲੈਂਦਾ ਹੈ। ਅਜਿਹੇ ਹਜੂਮਾਂ ਦਾ ਟਾਕਰਾ ਆਮ ਤੌਰ 'ਤੇ ਪੁਲਿਸ ਨਾਲ ਹੋਣਾ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਧਰਨਾ ਪ੍ਰਦਰਸ਼ਨ ਚਾਹੇ ਸਰਕਾਰ ਦੇ ਖਿਲਾਫ ਹੋਵੇ ਜਾਂ ਸਿਵਲ ਪ੍ਰਸਾਸ਼ਨ ਦੇ, ਉਸ ਨੂੰ ਰੋਕਣ ਤੇ ਕੰਟਰੋਲ ਕਰਨ ਲਈ ਬਲੀ ਦਾ ਬੱਕਰਾ ਪੁਲਿਸ ਨੂੰ ਹੀ ਬਣਨਾ ਹੀ ਪੈਂਦਾ ਹੈ। ਹਾਲਾਂਕਿ ਇਨ੍ਹਾਂ ਲੋਕਾਂ ਦੀਆਂ ਮੰਗਾਂ ਮੰਨਣੀਆਂ ਪੁਲਿਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀਆਂ।

ਸੰਨ 2009 - 10 ਵਿੱਚ ਮੈਂ ਸਬ ਡਵੀਜ਼ਨ ਮੂਨਕ ਵਿਖੇ ਡੀ.ਐਸ.ਪੀ. ਲੱਗਾ ਹੋਇਆ ਸੀ। ਸੰਗਰੂਰ ਜਿਲ੍ਹਾ ਵੈਸੇ ਹੀ ਭਾਂਤ ਭਾਂਤ ਦੀਆਂ ਜਥੇਬੰਦੀਆਂ ਦਾ ਗੜ੍ਹ ਹੈ। ਮੇਰੀ ਸਬ ਡਵੀਜ਼ਨ ਤੋਂ ਬਾਹਰ ਦੇ ਇੱਕ ਥਾਣੇ ਵਿੱਚ ਕਿਸੇ ਵਿਆਹਤਾ ਲੜਕੀ ਦੇ ਕਤਲ ਦਾ ਮੁਕੱਦਮਾ ਦਰਜ਼ ਹੋਇਆ ਸੀ। ਦੋਵੇਂ ਮੀਆਂ ਬੀਵੀ ਕਿਸੇ ਗੱਲ ਤੋਂ ਝਗੜ ਪਏ ਸਨ ਤੇ ਸਵੇਰੇ ਲੜਕੀ ਇਹ ਕਹਿ ਕੇ ਘਰੋਂ ਚਲੀ ਗਈ ਸੀ ਕਿ ਉਹ ਆਪਣੇ ਪੇਕੇ ਜਾ ਰਹੀ ਹੈ। ਗੁੱਸੇ ਵਿੱਚ ਆਏ ਪਤੀ ਨੇ ਵੀ ਕਹਿ ਦਿੱਤਾ ਕਿ ਜਿੱਥੇ ਮਰਜ਼ੀ ਦਫਾ ਹੋ ਜਾ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਪਰ ਉਹ ਲੜਕੀ ਨਾ ਆਪਣੇ ਪੇਕੇ ਪਹੁੰਚੀ ਤੇ ਨਾ ਹੀ ਵਾਪਸ ਆਈ ਤੇ ਗੱਲ ਪੁਲਿਸ ਤੱਕ ਪਹੁੰਚ ਗਈ। ਲੜਕੀ ਦਾ ਬਾਪ ਕਿਸੇ ਯੂਨੀਅਨ ਦਾ ਸੀਨੀਅਰ ਲੀਡਰ ਸੀ। ਉਸ ਨੇ ਆਪਣੇ ਸਾਥੀਆਂ ਸਮੇਤ ਥਾਣੇ ਸਾਹਮਣੇ ਧਰਨਾ ਲਗਾ ਕੇ ਪੁਲਿਸ ਦੀ ਮੁਰਦਾਬਾਦ ਸ਼ੁਰੂ ਕਰ ਦਿੱਤੀ। ਯੂਨੀਅਨ ਦੇ ਦਬਾਅ ਹੇਠ ਥਾਣੇ ਵਾਲਿਆਂ ਨੇ ਲੜਕੀ ਦੇ ਪਤੀ, ਸੱਸ, ਸਹੁਰਾ ਅਤੇ ਭੈਣ ਦੇ ਖਿਲਾਫ ਕਤਲ ਦਾ ਪਰਚਾ ਦਰਜ਼ ਕਰ ਦਿੱਤਾ ਤੇ ਗ੍ਰਿਫਤਾਰੀ ਪਾ ਦਿੱਤੀ। ਪੁਲਿਸ ਦੀ ਤਫਤੀਸ਼ ਦੌਰਾਨ ਲੜਕੀ ਦਾ ਪਤੀ ਮੰਨ ਗਿਆ ਕਿ ਉਸ ਨੇ ਹੀ ਆਪਣੀ ਪਤਨੀ ਦਾ ਕਤਲ ਕੀਤਾ ਹੈ ਤੇ ਲਾਸ਼ ਭਾਖੜਾ ਨਹਿਰ ਵਿੱਚ ਸੁੱਟ ਦਿੱਤੀ ਹੈ।

ਕੁਦਰਤੀ ਗ੍ਰਿਫਤਾਰੀ ਤੋਂ ਅਗਲੇ ਦਿਨ ਹੀ ਮੇਰੀ ਉਸ ਥਾਣੇ ਦੀ ਇੰਸਪੈਕਸ਼ਨ ਸੀ। ਮੈਂ ਥਾਣੇ ਦੀ ਸਫਾਈ ਆਦਿ ਵੇਖਦਾ ਹੋਇਆ ਹਵਾਲਾਤ ਲਾਗੇ ਚਲਾ ਗਿਆ। ਪੁਲਿਸ ਨੇ ਉਸ ਦਿਨ ਇਸ ਕੇਸ ਦੇ ਮੁਲਜ਼ਿਮ ਅਦਾਲਤ ਵਿੱਚ ਪੇਸ਼ ਕਰਨੇ ਸਨ। ਮੈਨੂੰ ਉਨ੍ਹਾਂ ਦੇ ਕੇਸ ਬਾਰੇ ਪਤਾ ਸੀ ਤੇ ਮੈਂ ਐਵੇਂ ਉਤਸੁਕਤਾ ਵੱਸ ਉਨ੍ਹਾਂ ਨਾਲ ਗੱਲ ਬਾਤ ਕਰਨ ਲੱਗ ਪਿਆ। ਮੈਂ ਲੜਕੀ ਦੇ ਪਤੀ ਨੂੰ ਪੁੱਛਿਆ ਕਿ ਉਸ ਨੇ ਇਹ ਕਤਲ ਕਿਉਂ ਕੀਤਾ ਹੈ ? ਲੜਾਈ ਝਗੜੇ ਤਾਂ ਹਰ ਘਰ ਵਿੱਚ ਹੁੰਦੇ ਹਨ, ਜੇ ਇਸ ਤਰਾਂ ਕਤਲ ਹੋਣ ਲੱਗੇ ਤਾਂ ਰੋਜ਼ਾਨਾ ਪੰਜ ਸੱਤ ਹਜ਼ਾਰ ਔਰਤਾਂ ਮਾਰੀਆਂ ਜਾਇਆ ਕਰਨਗੀਆਂ। ਉਹ ਅੱਗੋਂ ਰੋਣ ਲੱਗ ਪਿਆ ਕਿ ਮੈਂ ਕੋਈ ਕਤਲ ਨਹੀਂ ਕੀਤਾ। ਮੈਂ ਤਾਂ ਆਪ ਖੁਦ ਬਹੁਤ ਪਰੇਸ਼ਾਨ ਹਾਂ। ਸਾਡਾ ਸਾਰਾ ਪਰਿਵਾਰ ਥਾਣੇ ਬੈਠਾ ਹੈ ਤੇ ਬੱਚਿਆਂ ਦਾ ਰੋ ਰੋ ਕੇ ਬੁਰਾ ਹਾਲ ਹੈ। ਮੇਰੇ ਬੱਚਿਆਂ ਨੂੰ ਮੇਰਾ ਸਹੁਰਾ ਲੈ ਗਿਆ ਹੈ ਪਰ ਉਹ ਆਪਣੀ ਮਾਂ ਤੋਂ ਬਿਨਾਂ ਮਰਨ ਵਾਲੇ ਹੋਏ ਪਏ ਹਨ। ਮੈਂ ਉਸ ਨੂੰ ਦੁਬਾਰਾ ਪੁੱਛਿਆ ਕਿ ਤੂੰ ਤਾਂ ਖੂਨ ਨਾਲ ਲਿਬੜੀ ਹੋਈ ਚਾਦਰ ਵੀ ਬਰਾਮਦ ਕਰਵਾ ਦਿੱਤੀ ਹੈ। ਜੇ ਤੂੰ ਕਤਲ ਨਹੀਂ ਕੀਤਾ ਤਾਂ ਉਹ ਕਿੱਥੋਂ ਆਈ ਹੈ ? ਉਸ ਨੇ ਭੇਦ ਖੋਲ੍ਹਿਆ ਕਿ ਉਹ ਆਪਣੇ ਸਿਰ ਨੂੰ ਮਹਿੰਦੀ ਲਗਾਉਂਦਾ ਹੈ। ਇੱਕ ਦਿਨ ਮਹਿੰਦੀ ਵਾਲਾ ਭਾਂਡਾ ਇਸ ਚਾਦਰ 'ਤੇ ਡਿੱਗ ਪਿਆ ਸੀ ਤੇ ਧੋਣ ਦੇ ਬਾਵਜੂਦ ਦਾਗ ਨਹੀਂ ਸਨ ਮਿਟ ਸਕੇ। ਪੁਲਿਸ ਨੂੰ ਤਲਾਸ਼ੀ ਦੌਰਾਨ ਉਹ ਚਾਦਰ ਮਿਲ ਗਈ ਸੀ ਜਿਸ ਨੂੰ ਖੂਨ ਨਾਲ ਲਿਬੜੀ ਹੋਣ ਬਾਰੇ ਸਮਝ ਲਿਆ ਗਿਆ ਸੀ। ਮੈਂ ਤਾਂ ਕਦੇ ਕੁੱਤੀ ਨੂੰ ਸੋਟਾ ਨਹੀਂ ਮਾਰਿਆ, ਕਤਲ ਕਿੱਥੋਂ ਕਰਨਾ ਹੈ। ਮੈਂ ਹੋਰ ਵੀ ਕਈ ਗੱਲਾਂ ਕੀਤੀਆਂ ਤੇ ਮੈਨੂੰ ਉਹ ਪਰਿਵਾਰ ਬਹੁਤ ਹੀ ਸ਼ਰੀਫ ਅਤੇ ਬੇਗੁਨਾਹ ਲੱਗਾ। ਮ ਐਸ.ਐਚ.ਉ. ਨਾਲ ਗੱਲ ਕੀਤੀ ਤਾਂ ਉਸ ਨੇ ਵੀ ਮੰਨਿਆਂ ਕਿ ਇਨ੍ਹਾਂ ਦਾ ਕੋਈ ਗੁਨਾਹ ਨਹੀਂ ਲੱਗਦਾ ਪਰ ਮੈਂ ਮਜ਼ਬੂਰ ਹਾਂ। ਯੂਨੀਅਨ ਵਾਲੇ ਮੇਰੀ ਪੇਸ਼ ਨਹੀਂ ਜਾਣ ਦੇ ਰਹੇ ਤੇ ਦੂਸਰੇ ਪਾਸੇ ਐਸ.ਐਸ.ਪੀ. ਨੇ ਕਹਿ ਦਿੱਤਾ ਹੈ ਜੇ ਇਨ੍ਹਾਂ ਨੇ ਮੇਰੇ ਦਫਤਰ ਸਾਹਮਣੇ ਧਰਨਾ ਲਗਾ ਦਿੱਤਾ ਤਾਂ ਤੂੰ ਆਪਣੇ ਆਪ ਨੂੰ ਗਿਆ ਸਮਝੀਂ। ਮੈਂ ਉਸ ਨੂੰ ਸਮਝਾਇਆ ਕਿ ਐਵੇਂ ਯੂਨੀਅਨ ਦੇ ਪਿੱਛੇ ਲੱਗ ਕੇ ਇਨ੍ਹਾਂ ਦੀ ਕੁੱਟ ਮਾਰ ਨਾ ਕਰੀਂ। ਅੱਜ ਕਲ੍ਹ ਪਤਾ ਨਹੀਂ ਕਿਸ ਨੂੰ ਕੀ ਬਿਮਾਰੀ ਲੱਗੀ ਹੋਵੇ। ਜੇ ਕੋਈ ਰਿੜ੍ਹ ਗਿਆ ਤਾਂ ਮੁੜ ਕੇ ਨਾ ਐਸ.ਐਸ.ਪੀ ਨੇ ਲੱਤ ਲਾਉਣੀ ਹੈ ਤੇ ਨਾ ਯੂਨੀਅਨ ਵਾਲਿਆਂ ਨੇ, ਭੁਗਤਣਾ ਤੈਨੂੰ ਪੈਣਾ ਹੈ। ਲੜਕੀ ਦੀ ਅਜੇ ਤੱਕ ਲਾਸ਼ ਨਹੀਂ ਲੱਭੀ, ਕੀ ਪਤਾ ਜਿਊਂਦੀ ਹੀ ਹੋਵੇ। ਮੈਂ ਤਾਂ ਇੰਸਪੈਕਸ਼ਨ ਕਰ ਕੇ ਵਾਪਸ ਆ ਗਿਆ ਤੇ ਥਾਣੇ ਵਾਲਿਆਂ ਨੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਲਾਸ਼ ਬਰਾਮਦ ਕਰਨ ਦੇ ਨਾਮ 'ਤੇ ਦੋ ਤਿੰਨ ਵਾਰੀ ਰਿਮਾਂਡ ਲਿਆ ਪਰ ਲਾਸ਼ ਹੁੰਦੀ ਤਾਂ ਲੱਭਦੀ। ਆਖਰ ਉਨ੍ਹਾਂ ਨੂੰ ਜੇਲ ਭੇਜ ਦਿੱਤਾ ਗਿਆ। ਥੋੜ੍ਹੇ ਦਿਨਾਂ ਬਾਅਦ ਹੀ ਮੇਰੀ ਭਵਿੱਖਬਾਣੀ ਸਹੀ ਸਾਬਤ ਹੋ ਗਈ ਤੇ ਲੜਕੀ ਚੰਗੀ ਭਲੀ ਵਾਪਸ ਆ ਗਈ। ਜਦੋਂ ਉਸ ਨੂੰ ਥਾਣੇ ਬੁਲਾ ਕੇ ਪੁੱਛ ਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਜਦੋਂ ਉਹ ਲੜ ਝਗੜ ਕੇ ਆਪਣੇ ਪੇਕੇ ਜਾਣ ਲਈ ਬੱਸ ਸਟੈਂਡ 'ਤੇ ਪਹੁੰਚੀ ਸੀ ਤਾਂ ਉਥੇ ਫਲਾਣੇ ਬਾਬੇ ਦੇ ਡੇਰੇ ਜਾਣ ਵਾਲੀ ਸੰਗਤ ਨੂੰ ਲਿਜਾਣ ਵਾਲਾ ਟੈਂਪੂ ਖੜਾ ਸੀ। ਉਹ ਬਿਨਾਂ ਕੁਝ ਸੋਚੇ ਉਸ ਵਿੱਚ ਬੈਠ ਗਈ ਤੇ ਅੱਜ ਸਿੱਧੀ ਉਥੋਂ ਹੀ ਆ ਰਹੀ ਹੈ। ਹੁਣ ਰੱਬ ਜਾਣੇ ਉਹ ਬਾਬੇ ਦੇ ਡੇਰੇ ਗਈ ਸੀ ਜਾਂ ਕਿਤੇ ਹੋਰ ? ਨਾ ਤਾਂ ਉਸ ਨੂੰ ਯੂਨੀਅਨ ਤੋਂ ਡਰਦਿਆਂ ਇਸ ਬਾਰੇ ਪੁਲਿਸ ਵਾਲਿਆਂ ਨੇ ਪੁੱਛਿਆ ਤੇ ਨਾ ਹੀ ਮੁਕੱਦਮਾ ਕੈਂਸਲ ਹੋਣ ਤੋਂ ਬਾਅਦ ਜੇਲ੍ਹ ਵਿੱਚੋਂ ਜਾਨ ਛੁਡਾ ਕੇ ਆਏ ਉਸ ਦੇ ਪਤੀ ਨੇ।

# ਬੁੱਧਾਂ ਗਾਂ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਬੁੱਧਾਂ ਦਾ ਜਨਮ ਬੁੱਧਵਾਰ, 10 ਅਪਰੈਲ 1985 ਨੂੰ ਹੋਇਆ ਸੀ। ਉਸ ਦੀ ਪੈਦਾਇਸ਼ ਵੇਲੇ ਉਸ ਦਾ ਰੰਗ ਡਾਰਕ ਬ੍ਰਾਊਨ ਸੀ ਪਰ ਮਗਰੋਂ ਉਹ ਹਲਕਾ ਬ੍ਰਾਊਨ ਹੋ ਗਿਆ ਸੀ। ਉਹ ਬਹੁਤ ਸਾਊ ਸੁਭਾਅ ਦੀ ਗਊ ਸੀ ਤੇ ਉਹ ਅਜੇ ਬਹੁਤ ਛੋਟੀ ਸੀ ਜਦੋਂ ਉਸ ਦੇ ਸਿੰਗ ਦਾ.ਗ ਦਿੱਤੇ ਗਏ ਸਨ। ਸਿੰਗ ਦਾ.ਗਣ ਦਾ ਮਤਲਬ ਹੁੰਦੈ ਕਿ ਉਸ ਦੇ ਸਿੰਗ ਕਦੀ ਨਹੀਂ ਨਿਕਲਣੇ ਸਨ। ਉਹ ਬਹੁਤ ਰੋਂਦੀ ਹੁੰਦੀ ਸੀ ਜਦੋਂ ਉਸ ਦੇ ਸਿੰਗ ਦਾ.ਗੇ ਗਏ ਸਨ ਤੇ ਡਾਕਟਰ ਉਸ ਦੇ ਦਾ.ਗੇ ਸਿੰਗਾਂ 'ਤੇ ਦਵਾਈ ਲਗਾਉਣ ਆਉਂਦਾ ਹੁੰਦਾ ਸੀ। ਮੇਰੇ ਪਿਤਾ ਤੇ ਮਾਤਾ ਨਾਲ ਉਸ ਦਾ ਬਹੁਤ ਪਿਆਰ ਸੀ। ਜਦੋਂ ਉਸ ਦੀ ਮਾਂ, ਠੰਡੀ ਨੂੰ ਵੇਚਿਆ ਤਾਂ ਬੁੱਧਾਂ ਕਈ ਦਿਨ ਰੋਂਦੀ ਰਹੀ ਤੇ ਉਸ ਨੇ ਪੱਠੇ ਵੀ ਘੱਟ ਹੀ ਖਾਧੇ ਤੇ ਸਾਰਾ ਦਿਨ ਚੁੱਪਚਾਪ ਬੈਠੀ ਰਹਿੰਦੀ। ਉਸ ਨੂੰ ਵੀ 1989 ਵਿੱਚ ਵੇਚ ਦਿੱਤਾ ਸੀ ਪਰ ਅਸੀਂ ਉਸ ਨੂੰ ਅਕਸਰ ਮਿਲਦੇ ਰਹਿੰਦੇ ਸੀ। 2010 ਵਿੱਚ ਬੁੱਧਾਂ, ਕਾਫੀ ਬੁੱਢੀ ਹੋ ਕੇ ਚੱਲ ਵਸੀ ਸੀ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ




**ਰਿਸ਼ੀ ਜੀ, ਨਮਸਤੇ !**

ਤੁਸੀਂ ਹੈਰਾਨ ਹੋਵੋਗੇ ਕਿ ਬੁੱਧਾਂ ਦੀ ਚਿੱਠੀ ਕਿੱਥੋਂ ਆ ਗਈ! ਭਲਾ ਜਾਨਵਰ ਵੀ ਕਿਤੇ ਕੁੱਝ ਲਿਖ ਸਕਦੇ ਨੇ? ਭਲਾ ਜਾਨਵਰਾਂ ਨੂੰ ਵੀ ਕਿਤੇ ਸੋਝੀ ਹੁੰਦੀ ਐ? ਜਾਨਵਰਾਂ ਨੂੰ ਵੀ ਕੋਈ ਭਾਸ਼ਾ ਲਿਖਣੀ-ਪੜ੍ਹਣੀ ਆਉਂਦੀ ਐ? ਤੁਸੀਂ ਸਹੀ ਸੋਚ ਰਹੇ ਹੋ...ਜਾਨਵਰਾਂ ਨੂੰ ਪੜ੍ਹਣਾ ਨਹੀਂ ਆਉਂਦਾ, ਲਿਖਣਾ ਨਹੀਂ ਆਉਂਦਾ, ਜਾਨਵਰਾਂ ਨੂੰ ਸੋਚਣਾ ਵੀ ਨਹੀਂ ਆਉਂਦਾ! ਪਰ ਜਦੋਂ ਜਾਨਵਰ ਪੂਰਾ ਹੋ ਜਾਂਦੈ, ਭਾਵ ਉਹ ਮਰ ਜਾਂਦੈ ਤਾਂ ਉਦੋਂ ਉਸ ਨੂੰ ਸਭ ਕੁੱਝ ਆ ਜਾਂਦੈ। ਮੈਨੂੰ ਵੀ ਇੱਧਰ ਆ ਕੇ ਇਹ ਸਭ ਕੁੱਝ ਆ ਗਿਐ। ਹੁਣ ਮੈਂ ਪੜ੍ਹ ਵੀ ਲੈਨੀ ਆਂ ਤੇ ਲਿਖ ਵੀ ਲੈਨੀਂ ਆਂ ਤੇ ਤੁਹਾਡੇ ਵਾਂਗ ਸੋਚ ਵੀ ਲੈਨੀ ਆਂ। ਵੈਸੇ ਵੀ ਗਾਂ ਨੂੰ ਦੂਜੇ ਜਾਨਵਰਾਂ ਨਾਲੋਂ ਵੱਧ ਸਿਆਣਾ ਜਾਨਵਰ ਮੰਨਿਆ ਜਾਂਦੈ...ਹੇ..ਹੇ..ਹੇ..! ਨਾਲੇ ਮੇਰਾ ਤਾਂ ਨਾਮ ਵੀ ਤੁਸੀਂ ਬੁੱਧਾਂ ਰੱਖਿਆ ਹੋਇਆ ਸੀ...ਬੁੱਧ ਭਾਵ ਸਿਆਣੀ! ਦੇਖਿਓ ਕਿਤੇ ਬੁੱਧ ਧਰਮ ਵਾਲੇ ਗੁੱਸਾ ਨਾ ਕਰ ਜਾਣ...ਮੈਂ ਅਗਾਊਂ ਮਾਫੀ ਮੰਗ ਲੈਨੀ ਆਂ...ਮੇਰਾ ਬੁੱਧਾਂ ਨਾਮ ਬੁੱਧਵਾਰ ਵਾਲੇ ਦਿਨ ਪੈਦਾ ਹੋਣ ਕਰਕੇ ਰੱਖਿਆ ਗਿਆ ਸੀ, ਹੋਰ ਮੇਰਾ ਭਗਵਾਨ ਬੁੱਧ ਨਾਲ ਕੋਈ ਸੰਬੰਧ ਨਹੀਂ। ਨਮਸਤੇ ਮੈਂ ਤੁਹਾਨੂੰ ਤਾਂ ਲਿਖਿਆ ਕਿਉਂਕਿ ਅੱਜਕੱਲ ਬਹੁਤਾ ਕੁੱਝ ਧਰਮਾਂ ਨਾਲ ਜੁੜ ਗਿਆ ਹੈ। ਸਾਡੇ ਤਿਉਹਾਰ, ਦਿਨ, ਰੀਤੀ ਰਿਵਾਜ, ਰੰਗ, ਕੱਪੜੇ, ਭਾਸ਼ਾ, ਜਾਨਵਰ ਤੇ ਇੱਥੋਂ ਤੱਕ ਕਿ ਕੁੱਝ ਸ਼ਬਦ ਵੀ ਸਾਡੇ ਕੋਲੋਂ ਖੋਹ ਕੇ ਧਰਮਾਂ ਨੇ ਆਪਣੇ ਪੱਲੜੇ ਵਿੱਚ ਪਾ ਲਏ ਨੇ। ਜੇ ਮੈਂ ਅਸਲਾਮਾਲੇਕੁਮ ਲਿਖ ਦਿੰਦੀ ਤਾਂ ਮੁਸਲਮਾਨ ਇਤਰਾਜ਼ ਕਰ ਸਕਦੇ ਸਨ ਕਿ ਇਹ ਕਿਉਂ ਲਿਖਿਆ ਤੇ ਸਤਿ ਸ੍ਰੀ ਅਕਾਲ ਕਹਿਣ 'ਤੇ ਸਿੱਖਾਂ ਨੂੰ ਇਤਰਾਜ਼ ਹੋ ਸਕਦਾ ਸੀ ਪਰ ਨਮਸਤੇ ਇਸ ਕਰਕੇ ਚੁਣਿਆ ਕਿ ਤੁਸੀਂ ਵੀ ਹਿੰਦੂ ਹੋ ਤੇ ਮੈਨੂੰ ਵੀ ਅੱਜਕਲ ਹਿੰਦੂ ਹੀ ਸਮਝਿਆ ਜਾਂਦੈ। ਤਾਂ ਹੀ ਮੈਂ ਲਿਖਿਆ ਕਿ ਅੱਜਕੱਲ ਜਾਨਵਰਾਂ ਦਾ ਵੀ ਧਰਮ ਮੁਕਰੱਰ ਕਰ ਦਿੱਤਾ ਗਿਆ ਹੈ। ਘੋੜਾ ਹੁਣ ਸਿੱਖਾਂ ਦਾ ਜ਼ਿਆਦਾ ਹੋ ਗਿਐ, ਅਰਬੀਆਂ ਦਾ ਘਟ ਗਿਐ। ਗਾਂ ਤੁਸੀਂ ਸਾਂਭ ਲਈ ਤੇ ਬੱਕਰਾ ਮੁਸਲਮਾਨਾਂ ਨੇ। ਇਉਂ ਹੀ ਰੰਗਾਂ ਨਾਲ ਹੋਇਐ...ਭਗਵਾ ਰੰਗ ਤੁਸੀਂ ਸਾਂਭ ਲਿਐ, ਹਰਾ ਮੁਸਲਮਾਨਾਂ ਨੇ ਤੇ ਕੇਸਰੀ-ਨੀਲਾ ਸਿੱਖਾਂ ਨੇ!

ਲਿਖਣ ਤੋਂ ਪਹਿਲਾਂ ਦੋ ਦਿਨ ਤਾਂ ਇਹੀ ਸੋਚਣ ਵਿੱਚ ਲੱਗ ਗਏ ਕਿ ਚਿੱਠੀ ਕਿਸ ਤਰ੍ਹਾਂ ਸ਼ੁਰੂ ਕਰਾਂ? ਅੱਗੇ ਕਦੀ ਨੀ ਸੋਚੀਦਾ...ਵੱਡਾ ਸਾਰਾ ਇੱਕ ਓਂਕਾਰ ਪਾ ਕੇ ਹੇਠਾਂ 786 ਵੀ ਲਿਖੀਦਾ ਸੀ ਤੇ ਨਮਸਕਾਰ ਵੀ ਕਰ ਲਈਦਾ ਸੀ। ਚਲੋ! ਮੇਰੀ ਬੇਨਤੀ ਐ ਕਿ ਗੁੱਸਾ ਨਾ ਕਰੀਓ ਤੇ ਮੇਰੀ ਚਿੱਠੀ ਗੰਭੀਰਤਾ ਨਾਲ ਪੜ੍ਹੀਓ!

ਭਾਰਤ ਤੋਂ ਆਏ ਜਾਨਵਰਾਂ ਨੇ ਇੱਕ ਦਿਨ ਇਧਰ ਕਾਨਫ਼ਰੰਸ ਰੱਖੀ ਹੋਈ ਸੀ। ਮੈਂ ਇਹਨਾਂ ਦੀ ਖ਼ਜ਼ਾਨਚੀ ਹਾਂ ਅੱਜ ਕੱਲ...ਦੋ ਸਾਲ ਦੀ ਟਰਮ ਹੁੰਦੀ ਐ ਸਾਡੀ। ਜਾਨਵਰਾਂ ਦੀ ਸਾਡੀ ਇੱਕੋ ਈ ਐਸੋਸੀਏਸ਼ਨ ਐ ਤੇ ਪ੍ਰਧਾਨਗੀ ਦੀ ਕੋਈ ਲੜਾਈ ਨਹੀਂ। ਸਾਡੀ ਹਰ ਕਾਨਫ਼ਰੰਸ ਸਾਲਾਨਾ ਹੁੰਦੀ ਐ ਤੇ ਹਰ ਮਹੀਨੇ ਵੀ ਇੱਕ ਮੀਟਿੰਗ ਰੱਖਿਦੀ ਐ ਤਾਂ ਕਿ ਲੋਕਲ ਮੁੱਦੇ ਵਿਚਾਰੇ ਜਾ ਸਕਣ। ਸਾਡੇ ਸਾਰੇ ਜਾਨਵਰ ਇਸ ਮੀਟਿੰਗ ਵਿੱਚ ਸ਼ਾਮਿਲ ਹੁੰਦੇ ਐ! ਤੁਹਾਡੇ ਤਾਂ ਬੱਕਰਿਆਂ ਦੀ ਵੀ ਦੋ ਸੰਸਥਾਵਾਂ, ਗਾਈਆਂ ਦੀਆਂ ਵੀ ਦੋ...ਇਉਂ ਹੀ ਮੱਝਾਂ ਦੀਆਂ ਵੀ ਦੋ ਸੰਸਥਾਵਾਂ ਨੇ ਕਾਲੀਆਂ ਤੇ ਭੂਰੀਆਂ ਦੀਆਂ... ਸਾਡੇ ਵੱਲ ਨਹੀਂ ਹੁੰਦਾ ਏਦਾਂ! ਅਸੀਂ ਸਾਰੇ ਜਾਨਵਰ ਇੱਕੋ ਹੁੰਨੇ ਆਂ। ਰਿਸ਼ੀ ਜੀ ਕਮਾਲ ਨਹੀਂ? ਤੁਸੀਂ ਜ਼ਿਆਦਾ ਤਰੱਕੀ ਕਰ ਗਏ ਓ ਕਿ ਅਸੀਂ ਓ ਪਿਛਲਖੁਰੀ ਤੁਰੇ ਲੱਗਦੇ ਆਂ?

ਮੈਨੂੰ ਤਾਂ ਇਹ ਵੀ ਪਤਾ ਲੱਗਿਐ ਕਿ ਤੁਸੀਂ ਇੱਕ ਸੰਸਥਾ ਵਿੱਚ ਇੱਕ ਬੰਦੇ ਦੇ ਪੜ੍ਹੱਲ ਬੰਨ੍ਹ ਦਿਉ, ਦੂਜੀ ਵਾਰ ਉਹ ਤੁਹਾਡੇ ਪੜ੍ਹੱਲ ਆਪਣੀ ਸੰਸਥਾ ਵਿੱਚ ਬੰਨ ਦਿੰਦੈ? ਤੁਸੀਂ ਬਾਹਰੋਂ ਸੱਦ ਕੇ ਕਿਸੇ ਨਾ ਕਿਸੇ ਨੂੰ ਸਨਮਾਨਿਤ ਕਰ ਦਿੰਨੇ ਓਂ, ਉਹ ਤੁਹਾਨੂੰ ਸੱਦ ਕੇ ਉੱਥੇ ਮਨਮਾਨਿਤ ਕਰ ਦਿੰਦੇ ਐ...ਤੁਹਾਨੂੰ ਲੋਕਲ ਤੌਰ 'ਤੇ ਸਨਮਾਨਯੋਗ ਬੰਦਾ ਈ ਨਹੀਂ ਲੱਭਦਾ! ਕਿੰਨੀ ਤਰੱਕੀ ਕਰ ਲਈ ਐ ਤੁਸੀਂ! ਵਧਾਈ ਹੋਵੇ ਤੁਹਾਨੂੰ ਇਸ ਪ੍ਰੋਗਰੈੱਸ ਦੀ। ਇੱਕ ਸੰਸਥਾ ਵਿੱਚ ਤੁਸੀਂ ਪ੍ਰਧਾਨ, ਦੂਜੀ ਵਿੱਚ ਸੈਕਟਰੀ ਤੇ ਤੀਜੀ ਵਿੱਚ ਖ਼ਜ਼ਾਨਚੀ ਵੀ ਬਣ ਸਕਦੇ ਓ! ਇੱਕ ਦੂਜੇ ਦੀ ਕਵਿਤਾ ਸੁਣੋ, ਵਾਹ ਵਾਹ ਕਰੋ ਤੇ ਭਾਸ਼ਾ ਦੀ ਸੇਵਾ ਵਾਲਾ ਹਾਰ ਆਪਣੇ ਗਲੇ ਵਿੱਚ ਆਪੇ ਪਾ ਲੈਂਦੇ ਓ ਤੁਸੀਂ! ਮਾਂ ਬੋਲੀ ਦੀ ਸੁੰਨੀ ਪਈ ਝੋਲੀ ਭਰ ਰਹੇ ਹੋ ਤੁਸੀਂ...ਤੁਹਾਡੀਆਂ ਵੀ ਝੋਲੀਆਂ ਭਰੀਆਂ ਰਹਿਣ! ਵਧਾਈ ਹੋਵੇ! ਵੈਸੇ ਰਿਸ਼ੀ ਵੀਰ ਜੀ, ਇੱਕ ਗੱਲ ਦੱਸੋ, ਮਾਂ ਬੋਲੀ ਦੀ ਝੋਲੀ ਸੁੰਨੀ ਕਿਵੇਂ ਹੋ ਗਈ ਸੀ ਜਿਹੜੀ ਤੁਸੀਂ ਹੁਣ ਭਰ ਰਹੇ ਓ? ਮੈਨੂੰ ਤਾਂ ਇਉਂ ਲੱਗਦੈ ਕਿ ਤੁਸੀਂ ਆਪਣੀ ਭਾਸ਼ਾ ਵਿੱਚ ਲਿਖਣ ਵਾਲੇ ਪੀਰਾਂ-ਪੈਗ਼ੰਬਰਾਂ, ਉਸਤਾਦਾਂ ਤੋਂ ਵੀ ਅੱਗੇ ਲੰਘ ਗਏ ਓ! ਚੁੱਕੋ ਇਹਦੀ ਵੀ ਵਧਾਈ, ਫੇਰ! ਖੈਰ...ਮੈਂ ਦੱਸ ਰਹੀ ਸੀ ਕਿ ਸਾਡੇ ਇਧਰ ਜਾਨਵਾਰਾਂ ਦੀ ਪਿਛਲੇ ਮਹੀਨੇ ਇੱਕੋ ਇੱਕ ਸੰਸਥਾ ਦੀ ਹੋਈ ਸੀ ਕਾਨਫ਼ਰੰਸ। ਉਸ ਦੀ ਰਿਪੋਰਟ ਭੇਜ ਰਹੀ ਹਾਂ। ਕਿਉਂਕਿ ਇਸ ਸਾਲ ਭਾਰਤ ਵਿੱਚ ਤੇ ਅਗਲੇ ਸਾਲ ਕਨੇਡਾ ਵਿੱਚ ਚੋਣਾਂ ਹੋਣ ਵਾਲੀਆਂ ਨੇ... ਫੈਸਲਾ ਹੋਇਆ ਕਿ ਇੱਥੋਂ ਦੇ ਲੋਕਾਂ ਤੇ ਸਰਕਾਰਾਂ-ਆਪੋਜ਼ਿਸ਼ਨਾਂ ਵਿੱਚ ਬੈਠੈ ਬੰਦਿਆਂ ਨੂੰ ਸੁਨੇਹੇ ਭੇਜੇ ਜਾਣ ਕਿ ਜਾਨਵਰਾਂ ਨੂੰ ਇਸ ਚੋਣ ਚਿੱਕੜ ਵਿੱਚੋਂ ਬਖ਼ਸ਼ਿਆ ਜਾਵੇ। ਊਠ ਦਾ ਭਾਸ਼ਣ ਬਹੁਤ ਧੜੱਲੇਦਾਰ ਸੀ। ਉਹ ਕਹਿੰਦਾ ਮੈਂ ਜਿਸ ਪਾਸੇ ਮਰਜ਼ੀ ਬੈਠਾਂ, ਦੁਨੀਆਂ ਵਾਲਿਆਂ ਨੂੰ ਕੀ? ਉਹ ਮੇਰੀ ਮਰਜ਼ੀ ਨਾਲ ਬੈਠਦੇ ਨੇ ਭਲਾ? ਅਖੇ ਹੁਣ ਦੇਖਦੇਆਂ ਊਠ ਕਿਸ ਕਰਵਟ ਬੈਠਦਾ...ਤੁਸੀਂ ਮਾਮੇ ਲੱਗਦੇ ਓ ਮੇਰੇ? ਮੈਂ ਸੱਜੇ ਬੈਠਾਂ ਜਾਂ ਖੱਬੇ! ਤੁਸੀਂ ਕੀ ਲੈਣਾ? ਅਖੇ ਹੁਣ ਆਇਆ ਊਠ ਪਹਾੜ ਦੇ ਥੱਲੇ! ਮੈਂ ਅੰਬ ਲੈਣ ਜਾਣੇ ਪਹਾੜ ਤੋਂ...ਮੇਰਾ ਟਿਕਾਣਾ ਰੇਗਿਸਤਾਨ ਐ...ਬਾਰ ਬਾਰ ਮੈਨੂੰ ਪਹਾੜ ਥੱਲੇ ਦੇਈ ਜਾਂਦੇ ਨੇ, ਮੈਂ ਕੀ ਵਿਗਾੜਿਆ ਦੁਨੀਆ ਦਾ ਭਲਾ! ਹਾਥੀ ਦਾ ਭਾਸ਼ਣ ਵੀ ਘੱਟ ਮਹੱਤਵਪੂਰਨ ਨਹੀਂ ਸੀ। ਉਹ ਤਾਂ ਗੱਲ ਕਰਦਾ ਰੋ ਈ ਪਿਆ ਵਿਚਾਰਾ! ਮੇਰੀ ਚਾਲ ਦੇਖਣ ਤੋਂ ਪਹਿਲਾਂ ਦੁਨੀਆ ਦੇ ਬੰਦੇ ਆਪਣਾ ਚਰਿੱਤਰ ਤੇ ਚਾਲ ਕਿਉਂ ਨਹੀਂ ਦੇਖਦੇ? ਅਖੇ ਹੁਣ ਦੇਖੀਓ ਹਾਥੀ ਦੀ ਚਾਲ! ਲਾਹਨਤੀਓ ਆਪਣੀ ਚਾਲ ਦੇਖੋ...ਸਾਨੂੰ ਜਾਨਵਰਾਂ ਨੂੰ ਰਹਿਣ ਦਿਉ ਸਾਡੇ ਆਪਣੇ ਰਹਿਮੋ-ਕਰਮ 'ਤੇ! ਗਧੇ ਨੇ ਭਾਸ਼ਣ ਕਰਦਿਆਂ ਕਿਹਾ ਕਿ ਮੈਨੂੰ ਗਧਾ ਜਾਂ ਖੋਤਾ ਕਹਿ ਕੇ ਨਿੰਦੀ ਜਾਂਦੇ ਨੇ... ਮੈਨੂੰ ਅੱਧੀ ਰਾਤੀਂ ਘੁਮਿਆਰ ਕੰਮ 'ਤੇ ਲਾ ਲੈਂਦਾ ਸੀ...ਘੁੱਪ ਹਨੇਰੇ ਵਿੱਚ...ਮੈਨੂੰ ਇੱਕ ਵਾਰ ਰਸਤਾ ਦੱਸਦਾ ਹੁੰਦਾ ਸੀ ਉਹ ਤੇ ਮੈਂ ਮੁੜ ਕੇ ਕਈ ਕਈ ਦਿਨ ਉਸੇ ਰਸਤੇ 'ਤੇ ਜਾਣਾ ਹੁੰਦਾ ਸੀ ਤੇ ਮਜਾਲ ਐ ਮੇਰਾ ਮਾਲਕ ਮੈਨੂੰ ਮੁੜ ਕੇ ਰਸਤਾ ਦੱਸਦਾ? ਦੁਨੀਆ ਵਾਲੇ ਆਪ ਸਾਰਾ ਦਿਨ ਜੀਪੀਐਸ ਲਾਈ ਫਿਰਦੇ ਐ ਤੇ ਸਾਨੂੰ ਦੱਸਦੇ ਐ ਗਧੇ ਜਾਂ ਖੋਤੇ! ਖੋਤੇ ਕਿਸੇ ਥਾਂ ਦੇ...ਰਸਤਾ ਆਪ ਨੂੰ ਨੀ ਥਿਆਉਂਦਾ, ਜੀਪੀਐਸ ਆਪ ਵਰਤਦੇ ਐ...ਗਧਾ ਸਾਨੂੰ ਦੱਸਦੇ ਐ! ਲਾਹਨਤ ਬੇਸ਼ੁਮਾਰ ਉਇ ਥੋਡੇ 'ਤੇ! ਅਖੇ, ਉਹ ਤਾਂ ਇਉਂ ਗਾਇਬ ਹੋਇਆ ਜਿਵੇਂ ਗਧੇ ਦੇ ਸਿਰ ਤੋਂ ਸਿੰਗ...ਸਿੰਗ ਇਕੱਲੇ ਮੇਰੇ ਹੀ ਨਹੀਂ ਹੁੰਦੇ ਭਲਾ? ਬੰਦਿਓ! ਤੁਹਾਡੇ ਸਿੰਗ ਹੈਗੇ ਭਲਾ? ਗਾਇਬ ਕਰਨ ਲੱਗੇ ਸਿਰਫ਼ ਮੇਰੇ ਹੀ ਕਰਦੇ ਹੋ- ਅਖੇ ਜੈਸੇ ਗਧੇ ਕੇ ਸਿਰ ਸੇ ਸੀਂਗ! ਸ਼ਰਮ ਕਰੋ ਥੋੜ੍ਹੀ ਜਿਹੀ! ਐਸੀ ਦੁਲੱਤੀ ਮਾਰਾਂ ਦਿਲ ਕਰਦਾ ਇਹਨਾਂ ਦੇ ਪਿਛਵਾੜੇ...ਨਾਨੀ ਚੇਤੇ ਕਰਵਾ ਦੇਵਾਂ! ਰਿਸ਼ੀ ਜੀ, ਸਾਡੀ ਕਾਨਫ਼ਰੰਸ ਵਿੱਚ ਮਗਰਮੱਛ ਵੀ ਬੋਲਿਆ। ਕਹਿਣ ਲੱਗਾ ਹਰ ਮਸਲੇ 'ਤੇ ਰਾਜਨੀਤਕ ਲੋਕ ਰੋਟੀਆਂ ਸੇਕਣ ਆਪ ਬਹਿ ਜਾਂਦੇ ਐ ਤੇ ਨਾਮ ਲੈਂਦੇ ਆ ਮੇਰਾ। ਅਖੇ ਮਗਰਮੱਛ ਦੇ ਅੱਥਰੂ...ਜਾਂ ਘੜਿਆਲੀ ਆਂਸੂ! ਇਹਨਾਂ ਬੇਸ਼ਰਮਾਂ ਨੂੰ ਪੁੱਛੇ ਕੋਈ...ਮੇਰੇ ਤਾਂ ਕੁਦਰਤ ਨੇ ਐਸੀ ਥੈਲੀ ਲਾਈ ਐ ਕਿ ਮੈਂ ਮੂੰਹ ਖੋਲਦਾਂ ਤਾਂ ਮੇਰੇ ਅੱਥਰੂ ਆਪਣੇ ਆਪ ਟਪਕ ਪੈਂਦੇ ਆ। ਤੁਸੀਂ ਖੁਦ ਕੀ ਕਰਦੇ ਫਿਰਦੇ ਓ! ਤੁਸੀਂ ਨੱਚਦੇ ਓ ਜੇ ਵਿਰੋਧੀ ਮਰ ਜਾਏ! ਤੁਸੀਂ ਲੱਡੂ ਵੰਡਦੇ ਓ ਜੇ ਵਿਰੋਧੀ ਹਾਰ ਜਾਏ। ਹਰ ਬੇਗਾਨੀ ਲੜਾਈ ਵਿੱਚ ਤੁਸੀਂ ਝੂਠੇ ਰੋਣੇ ਰੋਂਦੇ ਓ ਤੇ ਦੱਸਦੇ ਓ ਮਗਰਮੱਛੀ ਅੱਥਰੂ! ਆਪਣੀ ਗੱਲ ਆਪਣੇ ਕੋਲ ਰੱਖਿਆ ਕਰੋ ਤੇ ਸਾਡੇ ਸਿਰ 'ਤੇ ਮੜ੍ਹਣ ਦੀ ਲੋੜ ਨਹੀਂ।

ਰਿਸ਼ੀ ਜੀ, ਜਦੋਂ ਮੱਝ ਦੀ ਵਾਰੀ ਆਈ ਤਾਂ ਉਹ ਤਾਂ ਫੁੱਟ-ਫੁੱਟ ਕੇ ਰੋਈ। ਪੱਟਾਂ 'ਤੇ ਛਾਤੀ 'ਤੇ ਹੱਥ ਮਾਰ-ਮਾਰ ਕੇ ਉਸ ਦਾ ਰੋਣਾ ਬਾਹਰ ਨਿੱਕਲਿਆ। ਇਹ ਦੁਨੀਆ ਵਾਲੇ ਮਰ-ਜਾਣੇ, ਗੱਲ ਗੱਲ 'ਤੇ ਕਿਸੇ ਨੂੰ ਖੋਤਾ, ਕਿਸੇ ਨੂੰ ਬਾਂਦਰ...ਕਿਸੇ ਨੂੰ, ਕਿਸੇ ਨੂੰ ਕੁੱਝ ਕਹੀ ਜਾਂਦੇ ਐ! ਅਕਲ ਇਹਨਾਂ ਨੂੰ ਆਪ ਨੂੰ ਹੈ ਨੀ...ਤੇ ਨਾਮ ਲੈਂਦੇ ਐ ਸਾਡਾ..ਅਖੇ ਮੱਝ ਅੱਗੇ ਬੀਨ ਵਜਾਉਣ ਦਾ ਕੀ ਫਾਇਦਾ? ਨਾ ਵਜਾਉ ਬੀਨ, ਤੁਹਾਨੂੰ ਤੁਹਾਡੀ ਮਾਸੀ ਨੇ ਕਿਹਾ ਸੀ? ਨਾਲੇ ਮੈਂ ਕੋਈ ਸੱਪ ਵਾਂ ਕਿ ਬੀਨ 'ਤੇ ਨੱਚਣ ਲੱਗ ਪਊਂਗੀ! ਨਿਰੇ ਬੰਦੇ ਕਿਸੇ ਥਾਂ ਦੇ...ਬੀਨ ਵੀ ਕਦੀ ਮੱਝ ਲਈ ਬਣੀ ਐ ਭਲਾ?

ਰਿਸ਼ੀ ਭਾਈ ਸਾਹਿਬ! ਬਾਂਦਰ ਨੂੰ ਵੀ ਬੜਾ ਇਤਰਾਜ਼ ਸੀ। ਉਹ ਕਹਿੰਦਾ ਇਹ ਬੰਦੇ ਸਾਰੇ ਸਾਡੀ ਔਲਾਦ ਨੇ, ਮੰਨ ਲਿਆ ਬਈ ਅਸੀਂ ਇਹਨਾਂ ਦੇ ਪੁਰਖੇ ਆਂ...ਅਜੇ ਵੀ ਸਾਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਦੇ ਐ! ਅਖੇ ਉਹ ਤਾਂ ਨਿਰਾ ਬਾਂਦਰ ਈ ਐ...ਤੁਹਾਨੂੰ ਕੀ ਤਕਲੀਫ਼ ਐ ਸਾਡੇ ਤੋਂ ਜਾਂ ਕਿਸੇ ਦੇ ਬਾਂਦਰ ਹੋਣ ਤੋਂ? ਤੁਸੀਂ ਆਪ ਵੀ ਇਹੀ ਸੀਗੇ! ਹੁਣ ਤੁਹਾਨੂੰ ਕੱਪੜੇ ਕੀ ਪਾਉਣੇ ਆ ਗਏ, ਸਾਨੂੰ ਟਿੱਚਰਾਂ ਕਰਦੇ ਓ ਤੁਸੀਂ! ਇਹਨਾਂ ਦੁਨੀਆਂ ਵਾਲਿਆਂ ਨੂੰ ਪੁੱਛੋ ਕਿ ਕਦੀ ਤੁਸੀਂ ਕਿਸੇ ਬਾਂਦਰ ਨੂੰ ਆਪਣੇ ਪਿਉ ਦਾ ਜ਼ਮੀਨ ਖਾਤਰ ਕਤਲ ਕਰਦੇ ਦੇਖਿਆ? ਕਦੀ ਕਿਸੇ ਬਾਂਦਰ ਨੂੰ ਆਪਣੀ ਪਤਨੀ ਨੂੰ ਤਲਾਕ ਦਿੰਦਿਆਂ ਦੇਖਿਆ ਹੋਵੇ? ਅਸੀਂ ਤਾਂ ਆਪਣੇ ਮਰ ਗਏ ਧੀ ਪੁੱਤਰ ਨੂੰ ਉਦੋਂ ਤੱਕ ਸਰੀਰ ਤੋਂ ਨਹੀਂ ਲਾਹੁੰਦੇ ਜਦੋਂ ਓਕ ਉਹ ਸੁੱਕ ਨਾ ਜਾਵੇ! ਗੱਲਾਂ ਕਰਦੇ ਓ ਸਾਡੀਆਂ ਤੁਸੀਂ!

ਸਭ ਤੋਂ ਅਖੀਰ 'ਤੇ ਵਾਰੀ ਸੀ ਕੋਹੜ-ਕਿਰਲੇ ਦੀ। ਉਹ ਰਿਸ਼ੀ ਬਾਬੂ...ਮੂੰਹ ਢਕ ਕੇ ਆਇਆ ਸੀ। ਸਾਰਿਆਂ ਨੇ ਰੌਲਾ ਪਾਇਆ ਕਿ ਮੂੰਹ ਖੋਲ੍ਹ ਕੇ ਗੱਲ ਕਰੋ..ਤੁਹਾਨੂੰ ਕਿਸ ਗੱਲ ਦੀ ਸ਼ਰਮ ਆ ਰਹੀ ਹੈ ਕਿ ਝੁੰਡ ਕੱਢੀ ਫਿਰਦੇ ਓ? ਕੋਹੜ-ਕਿਰਲਾ ਕਹਿਣ ਲੱਗਿਆ ਕਿ ਕਨੇਡਾ ਵਿੱਚ ਜਿਹੜੇ ਪਹਿਲਾਂ ਲਿਬਰਲ ਹੁੰਦੇ ਸੀ, ਉਹ ਐਨਡੀਪੀ ਵਿੱਚ ਚਲੇ ਗਏ; ਜਿਹੜੇ ਕੰਜ਼ਰਵੇਟਿਵ ਹੁੰਦੇ ਸੀ, ਉਹ ਲਿਬਰਲ ਬਣ ਗਏ; ਕਈ ਕੰਜ਼ਰਵੇਟਿਵ ਬਣੇ ਤੇ ਫਿਰ ਐਲਬਰਟਾ ਪਾਰਟੀ ਵਿੱਚ ਜਾ ਵੜੇ ਤੇ ਹੁਣ ਐਨਡੀਪੀ ਵਿੱਚ ਨਾਸਾਂ ਵਾੜੀ ਫਿਰਦੇ ਐ! ਭਾਰਤ ਵਿੱਚ ਦੇਖ ਲਉ...ਕਾਂਗਰਸ ਵਿੱਚੋਂ ਭਾਰਤੀ ਜਨਤਾ ਪਾਰਟੀ, ਭਾਜਪਾ ਵਿੱਚੋਂ ਆਮ ਆਦਮੀ ਪਾਰਟੀ, ਆਮ ਆਦਮੀ ਪਾਰਟੀ ਵਿੱਚੋਂ ਕਾਂਗਰਸ, ਅਕਾਲੀ ਦਲ ਵਿੱਚੋਂ ਨਿੱਕਲ ਕੇ ਆਪਣਾ ਅਕਾਲੀ ਦਲ ਤੇ ਮਗਰੋਂ ਫਿਰ ਪਹਿਲੇ ਵਾਲੇ ਵਿੱਚ, ਕਦੀ ਭਾਜਪਾ ਦੀ ਕੁਛੱੜ ਤੇ ਕਦੀ ਬਹੁਜਨ ਸਮਾਜ ਪਾਰਟੀ ਦੀ...ਸ਼ਰਮ ਵਾਲੀ ਲੋਈ ਲਾਹ ਕੇ ਇਹਨਾਂ ਨੇ ਗਿਰਗਿਟ, ਭਾਵ ਮੈਨੂੰ ਵੀ ਸ਼ਰਮਸਾਰ ਕਰਤਾ ਇਹਨਾਂ ਦੁਨੀਆ ਦੇ ਕੋਹੜ-ਕਿਰਲਿਆਂ ਨੇ! ਹੁਣ ਤਾਂ ਮੈਨੂੰ ਵੀ ਸ਼ਰਮ ਆਉਂਦੀ ਐ ਇਹ ਦੱਸਦਿਆਂ ਕਿ ਏਨੀ ਛੇਤੀ ਤਾਂ ਮੈਂ ਵੀ ਰੰਗ ਨਹੀਂ ਬਦਲਦਾ ਲਾਹਨਤੀਓ!

ਹੁਣ ਫੈਸਲਾ ਹੋਇਆ ਹੈ ਕਿ ਸ਼ੇਰ ਦੀ ਅਗਵਾਈ ਵਿੱਚ ਇੱਕ ਸਾਂਝਾ ਮੈਮੋਰੰਡਮ ਦੁਨੀਆ ਦੀਆਂ ਰਾਜਨੀਤਕ ਪਾਰਟੀਆਂ ਨੂੰ ਭੇਜਿਆ ਜਾਵੇਗਾ ਜਿਸ ਵਿੱਚ ਤੁਹਾਨੂੰ ਕਿਹਾ ਜਾਵੇਗਾ ਕਿ ਆਪਣੀਆਂ ਕਰਤੂਤਾਂ ਜਾਂ ਕਾਰਨਾਮਿਆਂ ਉੱਪਰ ਸਾਡੀ ਮੋਹਰ ਨਾ ਲਗਾਈ ਜਾਵੇ। ਅਸੀਂ ਕੁੱਝ ਮੁਹਾਵਰੇ-ਅਖਾਣ ਦੁਬਾਰਾ ਬਣਾਏ ਹਨ ਤੇ ਆਪਣੇ ਆਪ ਨੂੰ ਉਹਨਾਂ ਤੋਂ ਵੱਖ ਕਰ ਲਿਆ ਹੈ। ਤੁਸੀਂ ਆਪਣੇ ਮੁਹਾਵਰੇ-ਅਖਾਣ ਬਦਲੋ ਤੇ ਵਰਤੋ। ਸਾਡਾ ਉਹਨਾਂ ਵਿੱਚ ਨਾਮ ਨਾ ਵਰਤਿਆ ਜਾਵੇ। ਸਾਡਾ ਤੁਹਾਡੇ ਨਾਲ ਕੋਈ ਮੇਲ ਨਹੀਂ ਤੇ ਆਪਣੇ ਮੁਹਾਵਰਿਆਂ-ਅਖਾਣਾਂ ਵਿੱਚ ਬੰਦਿਆਂ ਦੇ ਨਾਮ ਸ਼ਾਮਿਲ ਕਰੋ! ਅਸੀਂ ਕੁੱਝ ਮੁਹਾਵਰੇ- ਅਖਾਣ ਬਦਲੇ ਹਨ ਤੇ ਤੁਹਾਨੂੰ ਭੇਜ ਰਹੇ ਹਾਂ:

ਖਹਿਰੇ ਵਾਂਗ ਟਪੂਸੀਆਂ ਮਾਰਨਾ, ਕੈਪਟਨ ਵਾਂਗ ਰੰਗ ਬਦਲਣਾ, ਲੌਟ ਕੇ ਢੀਂਡਸੇ ਘਰ ਕੋ ਆਏ, ਅਡਾਨੀ ਦੇ ਮੂੰਹ ਵਿੱਚ ਜ਼ੀਰਾ, ਰਾਜਨੀਤੀ ਚ ਰਹਿ ਕੇ ਮੋਦੀ ਨਾਲ ਵੈਰ, ਜਗੀਰ ਕੌਰ ਕੀ ਜਾਣੇ ਅਦਰਕ ਦਾ ਸਵਾਦ, ਸਾਡਾ ਬਿੱਟੂ ਸਾਨੂੰ ਮਿਆਊਂ, ਭੇਡ ਦੀ ਥਾਂ ਭਾਜਪਾ ਚਾਲ ਚੱਲਣਾ, ਸਾਡਾ ਰਾਜਕੁਮਾਰ, ਰਾਜਕੁਮਾਰ, ਤੁਹਾਡਾ ਸੁਸ਼ੀਲ ਰਿੰਕੂ ਗੱਦਾਰ, ਅਮਿਤ ਸ਼ਾਹ ਅੱਗੇ ਬੀਨ ਵਜਾਉਣਾ! ਬਾਕੀ ਜੇ ਹੋਰ ਲੋੜ ਹੋਈ ਤਾਂ ਦੱਸਣਾ, ਅਸੀਂ ਵੀ ਮਾਂ ਬੋਲੀ ਦੀ ਝੋਲੀ ਭਰਨ ਲਈ ਕਿਤਾਬ ਲਿਖ ਰਹੇ ਹਾਂ ਮੁਹਾਵਰਿਆਂ ਤੇ ਅਖਾਣਾਂ ਦੀ!

ਤੁਹਾਡੀ ਰਾਜਨੀਤੀ ਸੇਵਾ ਨਹੀਂ, ਮੇਵਾ ਬਣ ਚੁੱਕੀ ਐ ਤੇ ਰਾਜਨੀਤੀ ਹੁਣ ਗੰਗਾ ਨਹੀਂ ਸਗੋਂ ਭ੍ਰਿਸ਼ਟਾਚਾਰ ਦੀ ਗੰਗੋਤਰੀ ਬਣ ਚੁੱਕੀ ਐ ਤੇ ਇਸ ਵਿੱਚ ਸਾਡਾ ਨਾਮ ਨਾ ਘੜੀਸਿਆ ਜਾਵੇ। ਅਸੀਂ ਤੁਹਾਡੇ ਕਾਰ-ਵਿਹਾਰ ਤੱਕ ਕੇ ਬਹੁਤ ਸ਼ਰਮਿੰਦਾ ਹਾਂ ਤੇ ਸਾਨੂੰ ਆਪਣੀ ਬਿਰਾਦਰੀ ਵਿੱਚ ਵੀ ਘਟੀਆ ਨਜ਼ਰਾਂ ਨਾਲ ਦੇਖਿਆ ਜਾਣ ਲੱਗਿਆ ਹੈ। ਤੁਸੀਂ ਆਪਣੀ ਜਾਤ-ਕੁਜਾਤ ਦਾ ਮਸਲਾ ਸਾਂਭੋ ਤੇ ਸਾਨੂੰ ਇਸ ਗੰਦ ਵਿੱਚੋਂ ਕੱਢੋ... !

ਚੰਗਾ ਰਿਸ਼ੀ ਜੀ,
ਬਾਕੀ ਫਿਰ ਕਦੀ ਸਹੀ, ਸਾਡੀ ਕਾਨਫ਼ਰੰਸ ਰਿਪੋਰਟ ਜ਼ਰੂਰ ਪੜ੍ਹ ਦੇਣਾ!

ਤੁਹਾਡੀ, ਬੁਧਾਂ!




ਚੋਣਾਂ ਤੇ ਚਰਚਾ

# ਮਲੂਕਾ ਨੂੰਹ ਪੁੱਤ ਦੀ ਸ਼ਮੂਲੀਅਤ ਭਾਜਪਾ ਦਾ ਅਕਾਲੀ ਦਲ ਪ੍ਰਤੀ ਗੁੱਸੇ ਦਾ ਪ੍ਰਗਟਾਵਾ

**ਬਲਵਿੰਦਰ ਸਿੰਘ ਭੁੱਲਰ**





ਸ੍ਰੋਮਣੀ ਅਕਾਲੀ ਦਲ ਦੇ ਸਿਰਕੱਢ ਆਗੂ ਤੇ ਸਾਬਕਾ ਮੰਤਰੀ ਸ੍ਰ: ਸਿਕੰਦਰ ਸਿੰਘ ਮਲੂਕਾ ਦੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਅਤੇ ਨੂੰਹ ਪਰਮਪਾਲ ਕੌਰ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਪਰਮਪਾਲ ਕੌਰ ਨੇ ਭਾਵੇਂ ਆਈ ਏ ਐੱਸ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਭਾਜਪਾ ਵਿੱਚ ਸਮੂਲੀਅਤ ਕੀਤੀ ਹੈ, ਪਰ ਉਸਦਾ ਕੱਦ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਜਾਂ ਰਵਨੀਤ ਸਿੰਘ ਬਿੱਟੂ ਤੋਂ ਬਹੁਤ ਛੋਟਾ ਹੈ। ਫੇਰ ਵੀ ਉਸ ਦੇ ਸ਼ਾਮਲ ਹੋਣ ਤੇ ਚਰਚਾ ਵਧੇਰੇ ਹੋ ਰਹੀ ਹੈ। ਜਿਸਦਾ ਕਾਰਨ ਇਹ ਹੈ ਕਿ ਮਲੂਕਾ ਪਰਿਵਾਰ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲੇ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਮੁਕਾਬਲੇ ਤੇ ਪਰਮਪਾਲ ਕੌਰ ਨੂੰ ਭਾਜਪਾ ਦੀ ਉਮੀਦਵਾਰ ਬਣਾਉਣ ਦਾ ਲੱਗਭੱਗ ਫੈਸਲਾ ਹੋ ਚੁੱਕਾ ਹੈ। ਬੀਬੀ ਬਾਦਲ ਬਠਿੰਡਾ ਪਾਰਲੀਮਾਨੀ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ ਅਤੇ ਇਸ ਹਲਕੇ ਨੂੰ ਬਾਦਲ ਪਰਿਵਾਰ ਆਪਣਾ ਨਿੱਜੀ ਹਲਕਾ ਮੰਨਦਾ ਹੈ। ਬੀਬੀ ਬਾਦਲ ਇਸ ਹਲਕੇ ਵਿੱਚ ਆਪਣੇ ਵੱਲੋਂ ਕੀਤੇ ਵਿਕਾਸ ਦੇ ਕੰਮਾਂ ਦੇ ਆਧਾਰ ਤੇ ਚੋਣ ਮੈਦਾਨ ਵਿੱਚ ਆ ਰਹੀ ਹੈ। ਭਾਜਪਾ ਵੱਲੋਂ ਇਸ ਹਲਕੇ ਲਈ ਸ੍ਰ: ਜਗਦੀਪ ਸਿੰਘ ਨਕੱਈ, ਸ੍ਰੀ ਸਰੂਪ ਚੰਦ ਸਿੰਗਲਾ, ਸ੍ਰੀ ਦਿਆਲ ਸਿੰਘ ਸੋਢੀ ਸੰਭਾਵੀ ਉਮੀਦਵਾਰ ਸਨ, ਪਰ ਪਰਮਪਾਲ ਕੌਰ ਨੂੰ ਅਸਤੀਫ਼ਾ ਦਿਵਾ ਕੇ ਭਾਜਪਾ ਵਿੱਚ ਸ਼ਾਮਲ ਕਰਾਉਣ ਨਾਲ ਉਸਦਾ ਨਾਂ ਸਭ ਤੋਂ ਉੱਪਰ ਆ ਗਿਆ ਹੈ। ਬੀਬੀ ਬਾਦਲ ਜੇਕਰ ਹਲਕਾ ਬਦਲਦੇ ਹਨ ਤਾਂ ਪ੍ਰਚਾਰ ਇਹ ਹੋਵੇਗਾ ਕਿ ਬਾਦਲ ਪਰਿਵਾਰ ਹਾਰ ਤੋਂ ਡਰ ਕੇ ਮੈਦਾਨ ਛੱਡ ਗਿਆ ਹੈ, ਜਿਸਦਾ ਹੋਰ ਹਲਕਿਆਂ ਤੇ ਵੀ ਬੁਰਾ ਪ੍ਰਭਾਵ ਪਵੇਗਾ। ਬੀਬੀ ਬਾਦਲ ਦੀ ਇਸ ਹਲਕੇ ਨੂੰ ਦੇਣ ਵੀ ਬਹੁਤ ਹੈ। ਏਮਜ਼ ਹਸਪਤਾਲ, ਕੇਂਦਰੀ ਯੂਨੀਵਰਸਿਟੀ ਆਦਿ ਤੋਂ ਇਲਾਵਾ ਸ਼ਹਿਰਾਂ ਪਿੰਡਾਂ ਦੇ ਵਿਕਾਸ ਲਈ ਉਹਨਾਂ ਗਰਾਂਟਾਂ ਵੀ ਖੁਲ੍ਹ ਕੇ ਦਿੱਤੀਆਂ ਹਨ, ਉਹ ਇਸ ਹਲਕੇ ਨੂੰ ਸੁਰੱਖਿਅਤ ਸਮਝਦੇ ਹਨ। ਇਹ ਵੀ ਸੱਚਾਈ ਹੈ ਕਿ ਕਿਸਾਨ ਸੰਘਰਸ਼ ਸਦਕਾ ਹੋਏ ਵਿਰੋਧ ਕਾਰਨ ਪੰਜਾਬ ਵਿੱਚ ਭਾਜਪਾ ਅਜੇ ਪੱਕੇ ਪੈਰੀਂ ਨਹੀਂ ਹੋ ਸਕੀ। ਪਿੰਡਾਂ ਵਿੱਚ ਉਸਦੇ ਉਮੀਦਵਾਰ ਦੇ ਵਿਰੋਧ ਵਾਲੇ ਪੋਸਟਰ ਲਾਏ ਜਾ ਰਹੇ ਹਨ। ਅਜਿਹੇ ਸਮੇਂ ਭਾਜਪਾ ਵੱਲੋਂ ਅਕਾਲੀ ਦਲ ਨਾਲ ਗੱਠਜੋੜ ਨਾ ਹੋਣ ਦਾ ਗੁੱਸਾ ਇਸ ਹਲਕੇ ਵਿੱਚ ਕੱਢਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਦਹਾਕਿਆਂ ਤੋਂ ਅਕਾਲੀ ਦਲ ਵਿੱਚ ਰਹਿ ਕੇ ਵੱਡੇ ਅਹੁਦਿਆਂ ਦਾ ਅਨੰਦ ਮਾਣਨ ਵਾਲੇ ਮਲੂਕਾ ਪਰਿਵਾਰ ਦੀ ਨੂੰਹ ਨੂੰ ਬੀਬੀ ਬਾਦਲ ਦੇ ਖਿਲਾਫ਼ ਮੈਦਾਨ ਵਿੱਚ ਉਤਾਰਨਾ ਇਸ ਦੀ ਇੱਕ ਕੜੀ ਸਮਝੀ ਜਾਂਦੀ ਹੈ। ਮਲੂਕਾ ਪਰਿਵਾਰ ਦਾ ਭਾਵੇ ਸਮੁੱਚੇ ਪਾਰਲੀਮਾਨੀ ਹਲਕੇ ਵਿੱਚ ਕਾਫ਼ੀ ਅਸਰ ਰਿਹਾ ਹੈ, ਪਰੰਤੂ ਵਿਧਾਨ ਸਭਾ ਹਲਕਾ ਮੌੜ ਵਿੱਚ ਕੁੱਝ ਜਿਆਦਾ ਪ੍ਰਭਾਵ ਹੈ। ਭਾਜਪਾ ਦੇ ਨਿਸ਼ਾਨ ਜਾਂ ਪ੍ਰਧਾਨ ਮੰਤਰੀ ਮੋਦੀ ਦੇ ਨਾਂ ਤੇ ਪੈਣ ਵਾਲੀ ਵੋਟ ਤਾਂ ਭਾਰਤੀ ਜਨਤਾ ਪਾਰਟੀ ਨੂੰ ਮਿਲਣੀ ਹੀ ਹੈ ਉਹ ਕੋਈ ਵੀ ਉਮੀਦਵਾਰ ਹੋਵੇ, ਪਰ ਪਰਮਪਾਲ ਕੌਰ ਅਕਾਲੀ ਦਲ ਦੀ ਵੋਟ ਨੂੰ ਖੋਰਾ ਲਾਉਣ ਵਿੱਚ ਕਾਮਯਾਬ ਹੋਵੇਗੀ। ਇਹੋ ਭਾਜਪਾ ਚਾਹੁੰਦੀ ਹੈ। ਉਹ ਜਿਲ੍ਹਾ ਬਠਿੰਡਾ ਵਿੱਚ ਵੱਖ ਵੱਖ ਆਹੁਦਿਆਂ ਤੇ ਰਹੀ ਹੈ ਅਤੇ ਅਫ਼ਸਰੀ ਕਰਦਿਆਂ ਉਹਨਾਂ ਦਾ ਸੁਭਾਅ ਲੋਕਾਂ ਨਾਲ ਬਹੁਤੇ ਮਿਲਵਰਤਨ ਵਾਲਾ ਨਹੀਂ ਰਿਹਾ, ਪਰ ਅਕਾਲੀ ਦਲ ਨਾਲ ਸਬੰਧਤ ਲੋਕਾਂ ਵਿੱਚ ਉਸਦੇ ਪਰਿਵਾਰ ਦੇ ਸਬੰਧਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸ੍ਰ: ਮਲੂਕਾ ਭਾਵੇਂ ਖ਼ੁਦ ਭਾਜਪਾ ਵਿੱਚ ਸ਼ਾਮਲ ਨਹੀਂ ਹੋ ਰਹੇ, ਪਰ ਉਹਨਾਂ ਦੇ ਪਰਿਵਾਰ ਨਾਲ ਨੇੜਤਾ ਰੱਖਣ ਵਾਲੇ ਲੋਕਾਂ ਨੇ ਲੋਕਸਭਾ ਚੋਣਾਂ ਵਿੱਚ ਕੀ ਕਰਨਾ ਹੈ, ਇਹ ਉਹ ਖ਼ੁਦ ਸਮਝਦੇ ਹਨ। ਅਜਿਹੇ ਹਾਲਾਤਾਂ ਵਿੱਚ ਭਾਜਪਾ ਨੂੰ ਇਸ ਹਲਕੇ ਤੋਂ ਜਿੱਤ ਹਾਸਲ ਹੋਵੇਗੀ ਜਾਂ ਨਹੀਂ, ਇਸ ਸੁਆਲ ਦਾ ਜੁਆਬ ਤਾਂ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੈ। ਪਰ ਉਹ ਸ੍ਰੋਮਣੀ ਅਕਾਲੀ ਦਲ ਨਾਲ ਆਪਣਾ ਗੁੱਸਾ ਕੱਢਣ ਵਿੱਚ ਜਰੂਰ ਸਫ਼ਲ ਹੁੰਦੀ ਵਿਖਾਈ ਦਿੰਦੀ ਹੈ।

**ਛਪਦੇ-ਛਪਦੇ**

**ਬਠਿੰਡਾ ਸੀਟ ਤੋਂ ਮੈਂਬਰ ਪਾਰਲੀਮੈਂਟ ਉਮੀਦਵਾਰ ਪਰਮਪਾਲ ਕੌਰ ਮਲੂਕਾ ਦੇ ਨਾਂ ਦਾ ਭਾਜਪਾ ਵੱਲੋਂ ਐਲਾਨ ਕਰ ਦਿੱਤਾ ਗਿਆ ਹੈ।**

# ਅਰਪਨ ਲਿਖਾਰੀ ਸਭਾ ਦੀ ਮਿਲਣੀ ਦੌਰਾਨ ਇਕਬਾਲ ਖ਼ਾਨ ਸ਼ਰਧਾਂਜਲੀ ਸਮਾਗਮ ਲਈ ਸੱਦਾ ਦਿੱਤਾ ਗਿਆ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ ਅਪ੍ਰੈਲ 13, 2024 ਨੂੰ ਕੋਸੋ ਹਾਲ ਵਿੱਚ ਡਾ ਜੋਗਾ ਸਿੰਘ ਸਿਹੋਤਾ, ਜਸਵੰਤ ਸੇਖੋਂ ਸਿੰਘ ਅਤੇ ਪ੍ਰਿੰਸੀਪਲ ਬਲਦੇਵ ਸਿੰਘ ਦੁੱਲਟ ਦੀ ਪ੍ਰਧਾਨਗੀ ਹੇਠ ਹੋਈ।ਸਕੱਤਰ ਜਰਨੈਲ ਸਿੰਘ ਤੱਗੜ ਨੇ ਵਿਸਾਖੀ ਦੇ ਇਤਿਹਾਸਕ ਅਤੇ ਸੱਭਿਆਚਾਰਕ ਪਹਿਲੂਆਂ ਤੇ ਵਿਚਾਰ ਵਟਾਂਦਰਾ ਕਰਨ ਲਈ ਹਾਜ਼ਿਰ ਸਾਹਿਤ ਪ੍ਰੇਮੀਆਂ ਨੂੰ ਸੱਦਾ ਦਿੱਤਾ।ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਭਾਈ ਵੀਰ ਸਿੰਘ ਅਤੇ ਪ੍ਰੋ. ਮੋਹਨ ਸਿੰਘ ਦੀਆਂ ਰੁਬਾਈਆਂ ਨਾਲ ਸ਼ੁਰੂਆਤ ਕੀਤੀ।ਬੀਬੀ ਗੁਰਨਾਮ ਕੌਰ ਨੇ ਵਿਸਾਖੀ ਦੇ ਇਤਿਹਾਸਕ ਪਿਛੋਕੜ ਬਾਰੇ ਗੱਲ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ ਖ਼ਾਲਸੇ ਦੀ ਸਿਰਜਨਾ ਤੱਕ ਦਾ ਮੰਤਵ ਦੱਸਿਆ।ਕੈਲਗਰੀ ਦੇ ਖੋਜੀ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਪੰਜਾਂ ਪਿਆਰਿਆਂ ਦੇ ਪਿਛੋਕੜ ਦੇ ਇਤਿਹਾਸ ਬਾਰੇ ਇੱਕ ਪੁਸਤਕ ਲਿਖੀ ਹੈ ਉਸ ਵਿੱਚੋਂ ਗੁਰੂ ਜੀ ਦੇ ਪਿਆਰੇ ਦਇਆ ਸਿੰਘ ਦੇ ਪਿਛੋਕੜ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਸੁਖਵਿੰਦਰ ਸਿੰਘ ਤੂਰ ਨੇ ਪੰਜਾਬ ਤੋਂ ਆਏ ਪ੍ਰਸਿੱਧ ਕਵੀ ਜਸਵਿੰਦਰ ਸਿੰਘ ਰੁਪਾਲ ਦੀ ਖ਼ਾਲਸਾ ਪੰਥ ਦੀ ਸਿਰਜਨਾ ਬਾਰੇ ਲਿਖੀ ਕਵਿਤਾ ਸੁਣਾ ਕੇ ਸੋਨੇ ਤੇ ਸੁਹਾਗੇ ਦੇ ਮੁਹਾਵਰੇ ਨੂੰ ਸਾਕਾਰ ਕਰ ਦਿੱਤਾ। ਸਤਨਾਮ ਸਿੰਘ ਸ਼ੇਰਗਿੱਲ ਨੇ ਇਸ ਵਿਚਾਰ ਚਰਚਾ ਨੂੰ ਅਗੇ ਤੋਰਦਿਆਂ ਨਸਲੀ ਵਿਤਕਰੇ ਅਤੇ ਸਮਾਜਿਕ ਬਰਾਬਰੀ ਦੀ ਗੱਲ ਕਰਦਿਆਂ ਕੈਨੇਡੀਅਨ ਕਰੰਸੀ ਦੇ ਦਸ ਡਾਲਰ ਦੇ ਨੋਟ ਉੱਤੇ ਕਾਲੇ ਮੂਲ ਦੀ ਲੜਕੀ ਦੀ ਫ਼ੋਟੋ ਬਾਰੇ ਚਾਨਣਾ ਪਇਆ। ਉਨ੍ਹਾਂ ਦੱਸਿਆ ਕਿ ਕਿਵੇਂ ਉਹ ਬਚਪਨ ਵਿਚ ਨਸਲੀ ਵਿਤਕਰੇ ਦਾ ਸ਼ਿਕਾਰ ਹੋਈ ਅਤੇ ਜ਼ਿੰਦਗੀ ਦਾ ਸੰਘਰਸ਼ ਕਿਸ ਤਰ੍ਹਾਂ ਲੜਿਆ।ਇਹੋ ਸੁਨੇਹਾ ਵਿਸਾਖੀ ਦਾ ਦਿਹਾੜਾ ਸਾਨੂੰ ਦਿੰਦਾ ਹੈ ਆਪਣੇ ਹੱਕਾਂ ਲਈ ਅਵਾਜ਼ ਉਠਾਓ। ਡਾ: ਜੋਗਾ ਸਿੰਘ ਨੇ ਸਾਜਾਂ ਨਾਲ 'ਐਸਾ ਪੰਥ ਸਜਾਵਾਂਗਾ, ਚਿੜੀਆਂ ਤੋਂ ਬਾਜ ਤੁੜਾਵਾਂਗਾ' ਸੁਣਾ ਕੇ ਰੰਗ ਬੰਨਿਆ।ਲਖਵਿੰਦਰ ਸਿੰਘ ਜੌਹਲ ਨੇ 'ਸਾਂਝਾ ਪੰਜਾਬ' ਕਵਿਤਾ ਨਾਲ ਸੁਣਾ ਕੇ ਹਾਜ਼ਰੀ ਲਗਵਾਈ।ਕੁਲਦੀਪ ਕੌਰ ਘਟੌੜਾ ਨੇ ਅੰਮ੍ਰਿਤਧਾਰੀ ਅਤੇ ਸਾਹਿਜਧਾਰੀ ਸਿੱਖਾਂ ਬਾਰੇ ਵਿਚਾਰ ਪੇਸ਼ ਕੀਤੇ।ਜਰਨੈਲ ਸਿੰਘ ਤੱਗੜ ਨੇ ਇੱਕ ਕਵਿਤਾ ਸਾਂਝੀ ਕੀਤੀ ਨਾਲ ਹੀ ਆਪਣੀ ਪੰਜਾਬ ਫੇਰੀ ਬਾਰੇ ਪੰਜਾਬ ਦੀ ਵਰਤਮਾਨ ਹਾਲਤ ਤੇ ਵਿਸਥਾਰ ਨਾਲ ਚਾਨਣਾ ਪਾਇਆ।ਸਤਨਾਮ ਸਿੰਘ ਢਾਅ ਨੇ ਵਿਸਾਖੀ ਦਿਵਸ ਦੀ ਗੱਲ ਕਰਦਿਆਂ ਕਿਹਾ ਕਿ ਵਿਸਾਖੀ ਦਿਵਸ ਤੇ ਜਿੱਥੇ ਅਸੀਂ ਆਪਣੇ ਧਾਰਮਿਕ ਸੱਭਿਆਚਾਰਕ ਰਾਜਨੀਤਿਕ ਵਿਰਸੇ ਦੀ ਗੱਲ ਕਰਦੇ ਹਾਂ ਉਥੇ ਅੱਜ ਦੇ ਦਿਨ ਅਸੀਂ ਜੱਲਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਵੀ ਯਾਦ ਕਰਦੇ ਹਾਂ। ਅੱਜ ਤਾਂ ਸਾਰੀ ਦੁਨੀਆਂ ਉਤੇ ਹੀ ਜੱਲਿਆਂ ਵਾਲਾ ਬਾਗ ਬਣਿਆ ਪਿਆ ਹੈ।ਖ਼ਾਲਸਾ ਪੰਥ ਸਿਰਜਨਾ ਦਿਵਸ ਸਾਨੂੰ ਜਬਰ ਜ਼ੁਲਮ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੰਦਾ ਹੈ।ਅੱਜ ਇਸ ਤੇ ਅਮਲ ਕਰਨ ਦੀ ਲੋੜ ਹੈ।ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਇਸ ਵਿਚਾਰ ਚਰਚਾ ਵਿਚ ਅਵਤਾਰ ਕੌਰ ਤਗੱੜ, ਪ੍ਰਿਤਪਾਲ ਸਿੰਘ ਮੱਲ੍ਹੀ, ਸੁਬਾ ਸਦੀਕ ਅਤੇ ਗੁਰਮੀਤ ਸਿੰਘ ਢਾਅ ਨੇ ਵੀ ਹਿੱਸਾ ਲਿਆ।

ਡਾ. ਜੋਗਾ ਸਿੰਘ ਨੇ ਬੇਨਤੀ ਕੀਤੀ ਕਿ ਅਪ੍ਰੈਲ 21, 2024 ਦਿਨ ਦੁਪਹਿਰ 1 ਵਜੇ ਐਤਵਾਰ ਨੂੰ ਟੈਂਪਲ ਕੁਮਿਉਨਟੀ ਹਾਲ ਵਿੱਚ,ਸਾਥੋਂ ਵਿੱਛੜ ਚੁੱਕੇ ਸਭਾ ਦੇ ਵਾਇਸ ਪ੍ਰਧਾਨ ਇਕਬਾਲ ਖ਼ਾਨ ਦੀਆਂ ਯਾਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ।ਕੈਲਗਰੀ ਦੀਆਂ ਸਾਰੀਆਂ ਸਾਹਿਤਕ ਅਤੇ ਸਮਾਜਕ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਆਉ ਆਪਣੇ ਮਿੱਤਰ ਪਿਆਰੇ ਨੂੰ ਸ਼ਰਧਾ ਦੇ ਫ਼ੁੱਲ ਭੇਟ ਕਰਦੇ ਹੋਏ ਯਾਦ ਕਰੀਏ। ਹੋਰ ਜਾਣਕਾਰੀ ਲਈ ਡਾ. ਜੋਗਾ ਸਿੰਘ ਨੂੰ 403-207-4412 ਤੇ ਜਸਵੰਤ ਸਿੰਘ ਸੇਖੋਂ ਨੂੰ 403-681-3132ਤ ਸੰਪਰਕ ਕੀਤਾ ਜਾ ਸਕਦਾ ਹੈ।















# ਮਿਲਟਰੀ ਮਿਊਜ਼ੀਅਮ ਕੈਲਗਰੀ ਵਿਖੇ ਸਿੱਖ ਵਿਰਾਸਤੀ ਮਹੀਨੇ ਸਬੰਧੀ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਹੈਰੀਟੇਜ ਮੰਥ ਦੇ ਸੰਬੰਧ ਵਿੱਚ ਮਿਲਟਰੀ ਮਿਊਜ਼ੀਅਮ ਦੇ ਵਿੱਚ ਪ੍ਰਭਾਵਸ਼ਾਲੀ ਅਤੇ ਸ਼ਾਨਦਾਰ ਪ੍ਰੋਗਰਾਮ ਕਰਵਾਇਆ ਗਿਆ। ਛੋਟੇ ਸਿੱਖ ਬੱਚਿਆਂ ਵੱਲੋਂ ਓ ਕਨੇਡਾ ਅਤੇ ਸ਼ਬਦ ਕੀਰਤਨ ਨਾਲ ਪਰੋਗਰਾਮ ਦੀ ਸੁਰੂਆਤ ਕੀਤੀ ਗਈ। ਡਾਕਟਰ ਸਰਨਜੀਤ ਕੌਰ ਸਾਂਧਰਾ ਜੀ ਜਿਹੜੇ ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਦੇ ਵਿੱਚ ਪੜਾਉਂਦੇ ਹਨ,ਉਹਨਾਂ ਨੂੰ ਇੱਥੇ ਪ੍ਰੈਜਟੇਸ਼ਨ ਵਾਸਤੇ ਸੱਦਿਆ ਗਿਆ ਸੀ। ਡਾਕਟਰ ਸ਼ਰਨਜੀਤ ਕੌਰ ਸਾਂਧਰਾ ਹੁਣਾਂ ਨੇ ਪ੍ਰੈਜਟੇਸ਼ਨ ਦੇ ਰੂਪ ਵਿੱਚ ਹੈਰਾਨ ਕਰ ਦੇਣ ਵਾਲੇ ਸੱਚ ਪੇਸ਼ ਕੀਤੇ। ਤਰਲੋਕ ਸਿੰਘ ਚੁੱਗ ਦੇ ਚੁਟਕਲਿਆਂ ਨੇ ਬਹੁਤ ਹਸਾਇਆ ਤੇ ਆਖਰੀ ਜੋਕ ਉਹਨਾਂ ਦਾ ਜਿਹੜਾ ਅੰਗਰੇਜ਼ੀ ਵਿੱਚ ਸੀ ਉਹ ਬੜਾ ਕਮਾਲ ਦਾ ਰਿਹਾ। ਸਿੱਖ ਹੈਰੀਟੇਜ ਮਹੀਨਾ ਮਿਲਟਰੀ ਮਿਊਜ਼ੀਅਮ ਦੇ ਵਿੱਚ ਪੂਰਾ ਮਹੀਨਾ ਚੱਲਣਾ ਹੈ। ਉੱਥੇ ਪ੍ਰਦਰਸਨੀ ਵੀ ਲੱਗੀ ਹੋਈ ਹੈ ਜੋ ਤੁਸੀਂ ਉਥੇ ਜਾ ਕੇ ਦੇਖ ਸਕਦੇ ਹੋ। ਇਹਦੀ ਕੋਈ ਦਾਖਲਾ ਫੀਸ ਨਹੀਂ ਹੈ ਪਰ ਥੋੜੀ ਬਹੁਤੀ ਆਪਣੀ ਇੱਛਾ ਅਨੁਸਾਰ ਡੋਨੇਸ਼ਨ ਦੇਕੇ ਤੁਸੀਂ ਦਾਖਿਲਾ ਲੈ ਸਕਦੇ ਹੋ। ਸਿੱਖ ਪਰਿਵਾਰਾਂ ਦੇ ਵਿੱਚੋਂ ਜਿਨਾਂ ਨੇ ਫੌਜਾਂ ਦੇ ਵਿੱਚ ਆਪਣਾ ਆਪਣਾ ਰੋਲ ਨਿਭਾਇਆ ਹੈ,ਤੁਸੀਂ ਉਸ ਬੀਤੇ ਇਤਹਾਸ ਨੂੰ ਦੇਖ ਸਕਦੇ ਹੋ। ਉਥੇ ਲੈਫਟਨੇਟ ਕਰਨਲ ਗੁਰਬਖਸ਼ ਸਿੰਘ ਗਿੱਲ ਢੁੱਡੀਕੇ ਵਾਲਿਆਂ ਦੀ ਯਾਦਗਾਰ ਉਥੇ ਟਿਕਾਈ ਗਈ ਹੈ। ਸਿੱਖ ਸੋਸਾਇਟੀ ਆਫ ਕੈਲਗਰੀ ਗੁਰੂ ਘਰ ਦੀ ਪੂਰੀ ਪ੍ਰਬੰਧਕੀ ਕਮੇਟੀ ਅਤੇ ਉਹਨਾਂ ਦੇ ਵਲੰਟੀਅਰ ਵੱਲੋਂ ਫੂਡ ਦਾ ਪ੍ਰਬੰਧ ਕਰਕੇ ਵੱਡਾ ਯੋਗਦਾਨ ਪਾਇਆ ਗਿਆ। ਗੁਰੂ ਨਾਨਕ ਫਰੀ ਕਿਚਨ ਵੱਲੋਂ ਵੀ ਸੰਦੀਪ ਸੰਧੂ ਦੀ ਅਗਵਾਈ ਹੇਠ ਪੱਗਾਂ ਦਾ ਲੰਗਰ ਲਗਾਇਆ ਗਿਆ । ਕੈਲਗਰੀ ਮੇਅਰ ਡਾਕਟਰ ਜੋਤੀ ਗੋਂਡਿਕ ਜੀ ਇਸ ਪ੍ਰੋਗਰਾਮ ਦੇ ਵਿੱਚ ਬਤੌਰ ਮੁੱਖ ਮਹਿਮਾਨ ਹਾਜ਼ਰ ਸਨ। ਕੈਪਟਨ ਚਰਨ ਕਮਲ ਸਿੰਘ ਦੁਲਟ,ਐਲ ਰੋਸ, ਇੰਦਰਾ ਟੀਕਸਿੰਘ,ਡਾਕਟਰ ਮਾਈਕਲ ਹੋਲੀ ਪ੍ਰੋਫੈਸਰ ਸਿੱਖ ਸਟਡੀਜ ਦੇ ਧਰਮ ਅਧਿਐਨ ਮਾਊਂਟ ਰਾਇਲ ਯੂਨੀਵਰਸਿਟੀ ਉਹ ਵੀ ਇੱਥੇ ਹਾਜ਼ਰ ਸਨ। ਜਸਪ੍ਰੀਤ ਸਿੰਘ ਰਾਜਪੂਤ ਚੈਸਟਰਮੇਅਰ ਆਰਸੀਐਮਪੀ ਦੇ ਅਫਸਰ ,ਰੰਧਾਵਾ ਜੀ ਜਿਹੜੇ ਫੌਜ ਦੇ ਵਿੱਚ ਰਿਜਰਵਿਸਟ ਵੀ ਹਨ ਅਤੇ ਕੈਲਗਰੀ ਪੁਲਿਸ ਵਿੱਚ ਵੀ ਕੰਮ ਕਰਦੇ ਹਨ, ਕੈਪਟਨ ਬੀਐਸ ਦਿ?ਲ ਜੀ ਵੀ ਵਿਸ਼ੇਸ਼ ਤੌਰ ਤੇ ਪੁੱਜੇ ਹੋਏ ਸਨ।



















**ਕਨੇਡੀਅਨ ਸੱਥ**

# ਫੈਡਰਲ ਸਰਕਾਰ ਕਿਊਬੈਕ ਸੂਬੇ ਨੂੰ ਪਲੇਠੇ ਪੁੱਤਰ ਦੀ ਤਰ੍ਹਾਂ ਮੰਨਦੀ ਹੈ



ਅਸ਼ੀਸ਼ ਨਰੂਲਾ
1 204 890 5040

ਸਾਡੇ ਮੁਲਕ ਕਨੇਡਾ ਦੀ ਸਿਆਸਤ ਨੂੰ ਵੀ ਲੱਗਦੈ ਘੁਣ ਲੱਗ ਗਿਆ ਹੈ ! ਗਾਹੇ ਬਗਾਹੇ ਕਿਤੇ ਨਾ ਕਿਤੇ ਕੋਈ ਨਾ ਕੋਈ ਉਦਾਸ ਕਰਨ ਵਾਲੀ ਖਬਰ ਸੁਣਨ ਪੜਨ ਨੂੰ ਮਿਲ ਜਾਂਦੀ ਹੈ ।ਲੰਘੇ ਫੈਡਰਲ ਇਲੈਕਸ਼ਨ ਵਿੱਚ ਵੀ ਇਸੇ ਤਰ੍ਹਾਂ ਦੀ ਖਬਰ ਆਈ ਹੈ ,ਕਿ ਇਲੈਕਸ਼ਨ ਵਿੱਚ ਬਾਹਰੀ ਤਾਕਤਾਂ ਦੀ ਸ਼ਮੂਲੀਅਤ ਦਾ ਪਰਦਾ ਫਾਸ਼ ਹੋਇਆ ਹੈ ,ਗਲੋਬਲ ਟਰੇਡਿੰਗ ਤੱਕ ਤਾਂ ਗੱਲ ਸਮਝ ਆਉਂਦੀ ਹੈ ਪਰ ਆਹ ਕਿਸੇ ਦੇਸ਼ ਦੇ ਘਰੇਲੂ ਮਸਲਿਆਂ ਵਿੱਚ ਦਖਲ ਦੇਣਾ ਤਾਂ ਨਾ ਕਾਬਿਲੇ ਬਰਦਾਸ਼ਤ ਹੈ। ਕਿਤੇ ਨਾ ਕਿਤੇ ਇਹ ਸ਼ਮੂਲੀਅਤ ਕਰਨ ਵਾਲੇ ਮੁਲਕ ਦੀ ਆਪਣੇ ਆਪ ਨੂੰ ਸਰਵ ਸਰ੍ਰੇਸਠ ਸਾਬਿਤ ਕਰਨ ਦੀ ਗੱਲ ਜਾਪਦੀ ਹੈ । ਸਾਡੇ ਦੇਸ਼ ਦੀ ਮੌਜੂਦਾ ਸਰਕਾਰ ਦੇ ਮੈਂਬਰ ਆਫ ਪਾਰਲੀਮੈਂਟ ਹੈਨ ਡੌਂਗ ਜੋ ਕਿ ਚੀਨੀ ਮੂਲ ਨਾਲ ਸਬੰਧ ਰੱਖਦੇ ਹਨ,ਉਸ ਨੇ ਚੋਣਾਂ ਸਬੰਧੀ ਜਾਣਕਾਰੀ ਲੀਕ ਕਰਨ ਦੇ ਸਬੂਤਾਂ ਦਾ ਪਤਾ ਲੱਗਿਆ ਹੈ, ਅਤੇ ਇੱਕ ਗੱਲ ਹੋਰ ਜੋ ਕਿ ਬਹੁਤ ਹੈਰਾਨ ਕਰਨ ਵਾਲੀ ਹੈ ।ਕਨੇਡਾ ਦੀਆਂ ਚੋਣਾਂ ਵਿੱਚ ਟਿਕਟਾਂ ਦੀ ਵੰਡ ਤੋਂ ਪਹਿਲਾਂ ਨਾਮਜਦਗੀ ਸਾਬਤ ਕਰਨੀ ਪੈਦੀ ਹੈ ਜੋ ਕਿ ਸਬੰਧਿਤ ਪਾਰਟੀ ਦੇ ਮੈਂਬਰ ਆਪਣੇ ਪਸੰਦੀਦਾ ਉਮੀਦਵਾਰ ਨੂੰ ਨੌਮੀਨੇਟ ਕਰਦੇ ਹਨ ਅਤੇ ਉਪਰੰਤ ਪਾਰਟੀ ਜਿਆਦਾ ਵੋਟਾਂ ਲੈਣ ਵਾਲੇ ਉਮੀਦਵਾਰ ਨੂੰ ਨੌਮੀਨੇਟ ਕਰ ਟਿਕਟ ਜਾਰੀ ਕਰ ਦਿੰਦੀ ਹੈ ਜੋ ਕਿ ਚੋਣਾਂ ਲੜ ਸਕਦਾ ਹੈ। ਪਰ ਉਪਰੋਕਤ ਮੈਂਬਰ ਆਫ ਪਾਰਲੀਮੈਂਟ ਨੇ ਅੰਤਰਾਸ਼ਟਰੀ ਵਿਦਿਆਰਥੀਆ ਫਰਜ਼ੀ ਦਸਤਾਵਜਾਂ ਦੀ ਮੱਦਦ ਨਾਲ ਨੌਮੀਨੇਸ਼ਨ ਵਿੱਚ ਮੱਦਦ ਲਈ ਸਪਾਂਸਰ ਕੀਤਾ ਗਿਆ,ਭਾਵ ਕਿ ਜਿਵੇਂ ਕਿ ਸਾਡੇ ਭਾਰਤ ਦੇਸ਼ ਵਿੱਚ ਚੋਣ ਰੈਲੀਆਂ ਤੋਂ ਬਾਅਦ ਕੌੜੇ ਪਾਣੀ ਦੇ ਗਰਾਰੇ ਕਰਨ ਵਾਲੀ ਦਵਾਈ ਵੰਡੀ ਜਾਂਦੀ ਹੈ ਜਾਂ ਫਿਰ ਹੋਰ ਕੋਈ ਬਖਸ਼ਿਸ਼। ਇਸ ਗੱਲ ਦਾ ਖੁਲਾਸਾ ਹੋਣ ਤੋਂ ਬਾਅਦ ਉਕਤ ਮੈਬਰ ਪਾਰਲੀਮੈਂਟ ਆਪਣੇ ਆਪ ਨੂੰ ਪਾਰਟੀ ਤੋਂ ਵੱਖ ਕਰ ਲਿਆ ਹੈ ,ਹੁਣ ਕੀ ਇਸ ਐਮ ਪੀ ਨੇ ਲਿਬਰਲ ਸਰਕਾਰ ਤੋਂ ਆਪਣੀ ਸਪੋਰਟ ਵੀ ਵਾਪਿਸ ਲਈ ਹੈ ਜਾਂ ਨਹੀਂ ? ਜਾਂ ਪਾਰਟੀ ਸਿਰਫ ਲੋਕ ਵਿਖਾਵੇ ਲਈ ਸੰਬਧਤ ਐਮ ਪੀ ਨਾਲ ਤੋੜ ਵਿਛੋੜਾ ਕਰ ਲਿਆ ਹੈ । ਕਿਉਂਕਿ ਲੋਕ ਜਿਆਦਾਤਰ ਲੰਬੇ ਸਮੇ ਤੱਕ ਇਹ ਗੱਲਾਂ ਯਾਦ ਨਹੀਂ ਰੱਖਦੇ ਜਿਸ ਦਾ ਫਾਇਦਾ ਸਿਆਸੀ ਲੋਕ ਅਕਸਰ ਹੀ ਚੁੱਕਦੇ ਹਨ। ਪਰ ਜੋ ਵੀ ਵਰਤਾਰਾ ਹੋਇਆ ਹੈ , ਬਹੁਤ ਹੀ ਮੰਦਭਾਗਾ ।

ਉਧਰ ਫੈਡਰਲ ਸਰਕਾਰ ਦੀ ਕਾਰਬਨ ਟੈਕਸ ਨੂੰ ਲੈ ਕੇ ਕਾਫੀ ਅਲੋਚਨਾ ਹੋ ਰਹੀ ਹੈ ਅਤੇ ਦੇਸ਼ ਭਰ ਵਿੱਚ ਬਹੁਤ ਵਿਰੋਧ ਹੋ ਰਿਹਾ ਹੇ ।ਸਾਨੂੰ ਪਤਾ ਹੈ ਕਿ ਮੌਜੂਦਾ ਸਰਕਾਰ ਚਲਾਉਣ ਲਈ ਐਨ ਡੀ ਪੀ ਨੇ ਸਪੋਰਟ ਕੀਤੀ ਹੈ , ਇੱਕ ਅਪ੍ਰੈਲ ਤੋ ਪਹਿਲਾਂ ਜਗਮੀਤ ਸਿੰਘ ਜੋ ਕਿ ਐਨ ਡੀ ਪੀ ਦੇ ਲੀਡਰ ਹਨ ,ਹੁਰਾਂ ਨੇ ਕਾਰਬਨ ਟੈਕਸ ਤੇ ਕੋਈ ਵਿਰੋਧ ਨਹੀਂ ਜਤਾਇਆ ਹੁਣ ਜਦ ਟੈਕਸ ਦੀਆਂ ਨਵੀਆਂ ਦਰਾਂ ਲਾਗੂ ਹੋ ਗਈਆਂ ਹਨ ਤਾਂ ਅਚਾਨਕ ਪਤਾ ਨਹੀਂ ਕੀ ਯਾਦ ਆ ਗਿਆ ਹੁਣ ਉਹਨਾਂ ਨੇ ਕਾਰਬਨ ਟੈਕਸ ਵਾਲੇ ਮੁੱਦੇ ਤੇ ਟਰੂਡੋ ਹੁਰਾਂ ਨੂੰ ਘੇਰਿਆ ਹੈ। ਹੁਣ ਪਤਾ ਨਹੀਂ ਲੀਡਰ ਜਾਣ ਬੁਝ ਕੇ ਏਦਾਂ ਕਰਦੇ ਹਨ ਜਾਂ ਫਿਰ ਲੋਕਾਂ ਨੂੰ ਮੂਰਖ ਸਮਝਦੇ ਹਨ। ਬਈ ਜੇਕਰ ਕੋਈ ਹੋਰ ਹੱਲ ਹੋਇਆ ਤਾਂ ਦੇਖਾਂਗੇ ਹਾਲ ਦੀ ਘੜੀ ਚੱਲਣ ਦਿਓ ।ਕਾਰਬਨ ਟੈਕਸ ਦੇ ਮੁੱਦੇ ਨੂੰ ਲੈ ਕੇ ਫੈਡਰਲ ਸਰਕਾਰ ਦਾ ਦੋਹਰੇ ਮਾਪਦੰਡ ਦੀ ਸਮਝ ਵੀ ਨਹੀਂ ਆਉਂਦੀ। ਪੂਰਬ ਵੱਲ ਕਿਊਬੈਕ ਸੂਬੇ ਨੂੰ ਬਾਕੀ ਸਾਰੇ ਦੇਸ਼ ਦੀ ਕਾਰਬਨ ਟੈਕਸ ਬਰੇਕਟ ਵਿੱਚੋਂ ਬਾਹਰ ਰੱਖਿਆ ਹੈ ਜੋ ਕਿ ਸਰਾਸਰ ਵੋਟ ਰਾਜਨੀਤੀ ਹੈ, ਕਾਰਬਨ ਟੈਕਸ ਦੀਆਂ ਦਰ੍ਹਾਂ ਘੱਟ ਰੱਖਣ ਨਾਲ ਸਬੰਧਤ ਸੂਬੇ ਵਿੱਚ ਤੇਲ ਅਤੇ ਗੈਸ ਦੀਆਂ ਕੀਮਤਾਂ ਘੱਟ ਹੋਣਗੀਆਂ ਪਰ ਅਜਿਹਾ ਕਿਉਂ ? ਇਹ ਕੋਈ ਹਾਲ ਹੀ ਵਿੱਚ ਨਵੀਆਂ ਦਰਾਂ ਲਾਗੂ ਹੋਣ ਤੱਕ ਸੀਮਤ ਨਹੀਂ ਹੈ। ਇਹ ਦੋਹਰੀ ਰਾਜਨੀਤੀ ਕਾਫੀ ਲੰਬੇ ਸਮੇਂ ਤੋਂ ਚਲਦੀ ਆ ਰਹੀ ਹੈ ਕਿਉ ਕਿ ਫੈਡਰਲ ਸਰਕਾਰ ਕਿਊਬੈਕ ਸੂਬੇ ਨੂੰ ਪਲੇਠੇ ਪੁੱਤਰ ਦੀ ਤਰ੍ਹਾਂ ਮੰਨਦੀ ਹੈ , ਸਭ ਗੰਦੀ ਰਜਾਨੀਤੀ ਹੈ,ਜਿਹੜੀ ਪਿਛੇ ਛੱਡ ਕੇ ਆਏ ਹਾਂ ਇੱਥੇ ਵੀ ਸ਼ੁਰੂ ਹੋ ਚੁੱਕੀ ਹੈ। ਪਰ ਆਸ ਕਰਦੇ ਹਾਂ ਕਿ ਬੇੜਾ ਹੋਰ ਨਾ ਗਰਕੇ। ਇਹ ਤਾਂ ਹੀ ਸੰਭਵ ਹੈ ਜੇਕਰ ਆਮ ਵੋਟਰ ਜਾਗਰੁਕ ਹੋਵੇ।ਉਧਰ ਸਾਡੇ ਸੂਬੇ ਦੀ ਸਰਕਾਰ ਨੇ ਫੈਡਰਲ ਸਰਕਾਰ ਤੋਂ ਐਜੂਕੇਸ਼ਨ ਸੈਕਟਰ ਵਿੱਚ ਮਿਲਣ ਸਵਾਲੀਆਂ ਗਰਾਂਟਾਂ ਨੂੰ ਲੈ ਕੇ ਫਿਰ ਤੋਂ ਵੱਖਰਾ ਰਾਗ ਅਲਾਪਿਆ ਹੈ । ਸੂਬਾ ਸਰਕਾਰ ਦਾ ਕਹਿਣਾ ਹੈ ਕਿ ਗਰਾਂਟਾ ਵਰਤਣ ਤੋਂ ਪਹਿਲਾ ਸਾਡੇ ਤੋਂ ਪ੍ਰਵਾਨਗੀ ਲਈ ਜਾਵੇ ਕਿ ਪੈਸਾ ਕਿੱਥੇ ਅਤੇ ਕਿਵੇਂ ਵਰਤਿਆ ਜਾਵੇ,ਇਸ ਨੂੰ ਲੈ ਕੇ ਸੂਬੇ ਭਰਵਿੱਚ ਇਸ ਫੈਸਲੇ ਦਾ ਵਿਰੋਧ ਹੋਇਆ ਹੈ ।ਸਬੰਧਤ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਟਾਫ ਅਤੇ ਮੈਨੇਜਮੈਂਟਾਂ ਵੱਲੋਂ ਇਸ ਗੱਲ ਤੇ ਇਤਰਾਜ ਕੀਤਾ ਗਿਆ ਹੇ , ਸਰਕਾਰ ਨੇ ਪਹਿਲਾਂ ਹੀ ਮਿਲਣ ਵਾਲੀਆਂ ਗਰਾਂਟਾਂ ਵਿੱਚ ਕਟੌਤੀ ਕੀਤੀ ਸੀ ਅਤੇ ਸੂਬਾ ਸਰਕਾਰ ਦੇ ਫੈਸਲੇ ਨੂੰ ਲੈ ਕੇ ਕਿਤੇ ਨਾ ਕਿਤੇ ਚੱਲ ਰਹੇ ਪ੍ਰੋਜੈਕਟਾਂ ਵਿੱਚ ਖੜੋਤ ਆਵੇਗੀ ਅਤੇ ਚੱਲ ਰਹੇ ਰਿਸਰਚ ਵਰਕ ਅਤੇ ਸਿਖਿਆ ਪਰਦਾਨ ਕਰਨ ਵਾਲੀਆਂ ਸਹੂਲਤਾਂ ਨੂੰ ਵੀ ਵਿਘਨ ਪਵੇਗਾ , ਕੀ ਸਰਕਾਰਾਂ ਦੀ ਇਸ ਪਿਛੇ ਮਨਸ਼ਾ ਲੋਕ ਅਨਪੜ ਰੱਖਣ ਦੀ ਹੈ ਜਾਂ ਫਿਰ ਇਹ ਵੀ ਗੰਦੀ ਰਾਜਨੀਤੀ ਦਾ ਹਿੱਸਾ ਹੈ ? ਰੱਬ ਰਾਖਾ

ਅਸ਼ੀਸ਼ ਨਰੂਲਾ

# ਬਾਬਾ ਤਰਸੇਮ ਸਿੰਘ ਦੇ ਕਤਲ ’ਚ ਦੋ ਹੋਰ ਦੋਸ਼ੀ ਗ੍ਰਿਫ਼ਤਾਰ



ਜਲੰਧਰ (ਪੰਜਾਬੀ ਅਖਬਾਰ ਬਿਊਰੋ)– ਉਤਰਾਖੰਡ ਦੇ ਊਧਮ ਸਿੰਘ ਨਗਰ ਸਥਿਤ ਗੁਰਦੁਆਰਾ ਸ੍ਰੀ ਨਾਨਕਮਤਾ ਦੇ ਡੇਰਾ ਕਾਰ ਸੇਵਾ ਮੁੱਖੀ ਬਾਬਾ ਤਰਸੇਮ ਸਿੰਘ ਦੇ ਕਤਲ ਮਾਮਲੇ ’ਚ ਪੁਲੀਸ ਨੂੰ ਇਕ ਹੋਰ ਵੱਡੀ ਕਾਮਯਾਬੀ ਮਿਲੀ ਹੈ। ਪੁਲੀਸ ਟੀਮ ਨੇ ਦੋ ਹੋਰ ਮੁੱਖ ਸਾਜ਼ਿਸ਼ਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ ਨੂੰ ਨੇਪਾਲ ਬੌਰਡਰ ਅਤੇ ਹਰਿਆਣਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਊਧਮ ਸਿੰਘ ਨਗਰ ਦੇ ਸੀਨੀਅਰ ਪੁਲੀਸ ਕਪਤਾਨ (SSP) ਮੰਜੂਨਾਥ ਟੀ.ਸੀ. ਨੇ ਇਸ ਮਾਮਲੇ ਦਾ ਖ਼ੁਲਾਸਾ ਕਰਦੇ ਹੋਏ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਵਲੋਂ ਸ਼ੂਟਰਾਂ ਨੂੰ ਪੈਸੇ ਅਤੇ ਹਥਿਆਰ ਮੁਹੱਈਆ ਕਰਵਾਏ ਗਏ ਸਨ। ਇਸ ਮਾਮਲੇ ’ਚ ਹੁਣ ਤਕ ਨੌਂ ਦੋਸ਼ੀਆਂ ਨੂੰ ਪੁਲੀਸ ਵਲੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜਦ ਕਿ ਇੱਕ ਸ਼ੂਟਰ ਦੀ ਪੁਲੀਸ ਐਨਕਾਊਂਟਰ ’ਚ ਮੌਤ ਹੋ ਚੁੱਕੀ ਹੈ।ਮੰਜੂਨਾਥ ਟੀ.ਸੀ. ਨੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀ ਬਾਬਾ ਤਰਸੇਮ ਦੇ ਕਤਲ ਦੇ ਸਾਜ਼ਿਸ਼ ’ਚ ਸ਼ਾਮਿਲ ਸਨ। ਦੋਹਾਂ ਦੋਸ਼ੀਆਂ ਨੇ ਆਪਣਾ ਨਾਂ ਸਤਨਾਮ ਸਿੰਘ ਅਤੇ ਸੁਲਤਾਨ ਸਿੰਘ ਦੱਸਿਆ ਹੈ। ਸਤਨਾਮ ਸਿੰਘ ਨੂੰ ਗੌਰੀਫੰਟਾ ਜ਼ਿਲ੍ਹਾ ਲਖੀਮਪੁਰ ਖੀਰੀ ਨੇਪਾਲ ਬੌਰਡਰ ਤੋਂ ਜਦ ਕਿ ਸੁਲਤਾਨ ਨੂੰ ਹਰਿਆਣਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਸੁਲਤਾਨ ਸਿੰਘ ’ਤੇ 20 ਹਜ਼ਾਰ ਰੁਪਏ ਦਾ ਇਨਾਮ ਐਲਾਨ ਕੀਤਾ ਸੀ। ਇਨ੍ਹਾਂ ਦੋਵਾਂ ਦੋਸ਼ੀਆਂ ਖ਼ਿਲਾਫ਼ ਕਤਲ, ਲੁੱਟਾਂ-ਖੋਹਾਂ ਅਤੇ ਗੈਂਗਸਟਰਵਾਦ ਵਰਗੇ ਗੰਭੀਰ ਅਪਰਾਧ ਦਰਜ ਹਨ।

ਜ਼ਿਕਰਯੋਗ ਹੈ ਕਿ 28 ਮਾਰਚ 2024 ਨੂੰ ਸ੍ਰੀ ਨਾਨਕਮਤਾ ਗੁਰਦੁਆਰਾ ਸਾਹਿਬ ਡੇਰਾ ਕਾਰ ਸੇਵਾ ਦੇ ਮੁੱਖੀ ਬਾਬਾ ਤਰਸੇਮ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਕਾਂਡ ਮਗਰੋਂ ਉਤਰਾਖੰਡ ’ਚ ਹੜਕੰਪ ਮਚ ਗਿਆ ਸੀ। ਕਤਲ ਕਾਂਡ ਮਗਰੋਂ ਮੁੱਖ ਮੰਤਰੀ ਪੁਸ਼ਕਰ ਧਾਮੀ ਨੇ ਉਤਰਾਖੰਡ ਪੁਲੀਸ ਦੇ DGP ਅਭਿਨਵ ਕੁਮਾਰ ਨੂੰ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ ਸਨ ਜਿਸ ਤੋਂ ਬਾਅਦ ਪੁਲੀਸ ਲਗਾਤਾਰ ਦੋਸ਼ੀਆਂ ਨੂੰ ਲੱਭਣ ’ਚ ਜੁੱਟੀ ਹੋਈ ਸੀ। ਪਿੱਛਲੇ ਹ਼ਫ਼ਤੇ ਇਸ ਘਟਨਾ ’ਚ ਸ਼ਾਮਿਲ ਕੁੱਝ ਸਾਜ਼ਿਸ਼ਕਰਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

# ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ)ਬੈਂਕ ਆਫ ਕੈਨੇਡਾ ਨੇ ਆਪਣੀ ਮੁੱਖ ਵਿਆਜ ਦਰ ਨੂੰ ਪੰਜ ਫੀਸਦੀ 'ਤੇ ਬਰਕਰਾਰ ਰੱਖਿਆ ਅਤੇ ਕਿਹਾ ਕਿ ਉਸ ਨੇ ਵਿਆਜ ਦਰਾਂ ਨੂੰ ਘਟਾਉਣ ਲਈ ਜ਼ਰੂਰੀ ਆਰਥਿਕ ਸਥਿਤੀਆਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ ਹੈ। ਗਵਰਨਰ ਟਿਫ ਮੈਕਲੇਮ ਦਾ ਕਹਿਣਾ ਹੈ ਕਿ ਜਨਵਰੀ ਤੋਂ ਬਾਅਦ ਦੇ ਆਰਥਿਕ ਅੰਕੜਿਆਂ ਨੇ ਕੇਂਦਰੀ ਬੈਂਕ ਦੇ ਭਰੋਸੇ ਵਿੱਚ ਸੁਧਾਰ ਕੀਤਾ ਹੈ ਕਿ ਮਹਿੰਗਾਈ ਘਟ ਰਹੇਗੀ, ਭਾਵੇਂ ਆਰਥਿਕ ਵਿਕਾਸ ਵਧਦਾ ਹੈ।ਗਵਰਨਰ ਦਾ ਕਹਿਣਾ ਹੈ ਕਿ ਜਦੋਂ ਬੈਂਕ ਆਫ ਕੈਨੇਡਾ ਵਿਆਜ ਦਰਾਂ ਨੂੰ ਘਟਾਉਣ ਲਈ ਲੋੜੀਂਦੇ ਸਬੂਤ ਦੇਖ ਰਿਹਾ ਹੈ, ਤਾਂ ਉਸ ਨੂੰ ਮਹਿੰਗਾਈ ਵਿੱਚ ਗਿਰਾਵਟ ਨੂੰ ਬਰਕਰਾਰ ਰੱਖਣ ਲਈ ਇਹ ਯਕੀਨੀ ਬਣਾਉਣ ਲਈ ਕੀਮਤਾਂ ਦੇ ਦਬਾਅ ਨੂੰ ਘੱਟ ਸਮੇਂ ਲਈ ਦੇਖਣ ਦੀ ਲੋੜ ਹੈ।ਕੈਨੇਡਾ ਦੀ ਬੇਰੁਜ਼ਗਾਰੀ ਦਰ ਮਾਰਚ ਵਿੱਚ ਵਧ ਕੇ 6.1% ਹੋ ਗਈ ਕਿਉਂਕਿ ਨੌਕਰੀਆਂ ਵਿੱਚ ਵਾਧਾ ਰੁਕਿਆ। ਸਪਰਿੰਗ ਹਾਊਸਿੰਗ ਮਾਰਕੀਟ ਵਿੱਚ ਵਾਧੇ ਦੀ ਸੰਭਾਵਨਾ, ਕਿਫਾਇਤੀ ਹੋਣ ਦੀ ਸੰਭਾਵਨਾ ਨਹੀਂ ਹੈ, ਰਹਿਣ ਦੀ ਲਾਗਤ ਖਰੀਦਦਾਰਾਂ 'ਤੇ ਭਾਰੂ ਹੈ।ਬਹੁਤ ਸਾਰੇ ਕੈਨੇਡੀਅਨ ਅਜੇ ਵੀ ਮਹਿਸੂਸ ਕਰ ਰਹੇ ਹਨ ਭਾਵੇਂ ਕਿ ਕਰਜ਼ੇ ਦੀਆਂ ਚਿੰਤਾ ਮਹਿਸੂਸ ਕਰ ਰਹੇ ਹਨ। ਕੈਨੇਡਾ ਦੀ ਮਹਿੰਗਾਈ ਦਰ ਫਰਵਰੀ 'ਚ 2.8 ਫੀਸਦੀ 'ਤੇ ਆ ਗਈ, ਜਦੋਂ ਕਿ ਕੀਮਤਾਂ ਦੇ ਦਬਾਅ ਦੇ ਮਾਪਦੰਡ ਵੀ ਘੱਟ ਗਏ। ਬੈਂਕ ਆਫ ਕੈਨੇਡਾ ਨੇ ਇਸ ਸਾਲ ਮਹਿੰਗਾਈ ਲਈ ਆਪਣੇ ਪੂਰਵ ਅਨੁਮਾਨ ਨੂੰ ਥੋੜ੍ਹਾ ਜਿਹਾ ਸੋਧਿਆ ਹੈ ਅਤੇ 2025 ਦੇ ਅੰਤ ਤੱਕ ਇਸ ਦੇ ਦੋ ਫੀਸਦੀ ਟੀਚੇ 'ਤੇ ਵਾਪਸ ਆਉਣ ਦੀ ਉਮੀਦ ਜਾਰੀ ਰੱਖੀ ਹੈ।

# ਪਹਿਲੀ ਵਾਰੀ ਘਰ ਖਰੀਦਣ ਵਾਲੇ ਹੁਣ ਕਰਜਾ 30 ਸਾਲ ਵਿੱਚ ਉਤਾਰ ਸਕਣਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਫੈਡਰਲ ਸਰਕਾਰ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਵਾਸਤੇ ਨਵੇਂ ਘਰਾਂ ਦੀ ਖਰੀਦ ਤੇ ਮੋਰਗੇਜ ਕਰਜਾ ਉਤਾਰਨ ਦੀ ਮਿਆਦ ਜਿਸ ਨੂੰ ਕਿ ਐਮੋਟਾਈਜੇਸ਼ਨ ਪੀਰੀਅਡ ਕਿਹਾ ਜਾਂਦਾ ਹੈ ਉਸ ਨੂੰ 30 ਸਾਲ ਕਰ ਰਹੀ ਹੈ। ਵਿੱਤ ਮੰਤਰੀ ਕ੍ਰਿਸ਼ਟੀਆ ਫਰੀਲੈਂਡ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਹ ਤਬਦੀਲੀ ਆਉਂਦੀ ਇੱਕ ਅਗਸਤ ਤੋਂ ਪ੍ਰਭਾਵਿਤ ਹੋਵੇਗੀ। ਫਰੀਲੈਂਡ ਨੇ ਕਿਹਾ ਕਿ ਐਮੋਟਾਈਜੇਸ਼ਨ ਨੂੰ ਵਧਾਉਣ ਨਾਲ ਆਪਣਾ ਪਹਿਲਾ ਘਰ ਖਰੀਦਣ ਵਾਲੇ ਕਨੇਡੀਅਨਾਂ ਲਈ ਮਹੀਨਾ ਵਾਰ ਮੋਰਗੇਜ ਭੁਗਤਾਨ ਵਧੇਰੇ ਕਫਾਇਤੀ ਹੋਣਗੇ। ਮੌਜੂਦਾ ਨਿਯਮਾਂ ਅਨੁਸਾਰ ਜੇ ਘਰ ਖਰੀਦਣ ਸਮੇਂ ਡਾਊਨ ਪੇਮੈਂਟ ਘਰ ਦੀ ਕੀਮਤ ਤੇ 20% ਤੋਂ ਘੱਟ ਹੁੰਦੀ ਹੈ ਤਾਂ ਖਰੀਦਦਾਰ ਨੂੰ ਮੋਰਗੇਜ ਕਰਜਾ 25 ਸਾਲ ਦੇ ਅੰਦਰ ਬਰਾਬਰ ਮਹੀਨਾਵਾਰ ਕਿਸ਼ਤਾਂ ਵਿੱਚੋਂ ਪੇਅ ਕਰਨਾ ਹੁੰਦਾ ਹੈ। ਕਨੇਡੀਅਨ ਹੋਮ ਬਿਲਡਰ ਐਸੋਸੀਏਸ਼ਨ ਪਿਛਲੇ ਲੰਬੇ ਸਮੇਂ ਤੋਂ ਇਹ ਮਿਆਦ ਵਧਾਉਣ ਦੀ ਮੰਗ ਕਰ ਰਹੀ ਸੀ ਤਾਂ ਕਿ ਪੰਜ ਸਾਲ ਦੀ ਹੋਰ ਮਿਆਦ ਵਧਣ ਨਾਲ ਲੋਕਾਂ ਦੀ ਮਹੀਨਾਵਾਰ ਕਿਸ਼ਤ ਘੱਟ ਜਾਵੇਗੀ ਅਤੇ ਘਰ ਖਰੀਦਣਾ ਆਸਾਨ ਹੋ ਜਾਵੇਗਾ। ਇਸ ਨਾਲ ਘਰਾਂ ਦੀ ਉਸਾਰੀ ਨੂੰ ਵੀ ਹੁਲਾਰਾ ਮਿਲੇਗਾ। ਫਰੀਲੈਂਡ ਨੇ ਇਹ ਵੀ ਐਲਾਨਿਆ ਕਿ ਪਹਿਲੀ ਵਾਰੀ ਘਰ ਖਰੀਦਣ ਵਾਲੇ ਆਪਣੇ ਆਰ ਆਰ ਐਸ ਪੀ ਖਾਤਿਆਂ ਚੋਂ 35000 ਡਾਲਰ ਦੀ ਬਜਾਏ ਹੁਣ 60 ਹਜਰ ਡਾਲਰ ਤੱਕ ਜਾ ਸਕਦੇ ਹਨ। ਸਰਕਾਰ ਨੇ ਕਿਹਾ ਹੈ ਕਿ ਤਬਦੀਲੀ ਉਸ ਅਸਲੀਅਤ ਨੂੰ ਦਰਸਾਉਂਦੀ ਹੈ ਕਿ ਲੋੜਿੰਦਾ ਡਾਊਨ ਪੇਮੈਂਟ ਅਤੇ ਇੰਨਾ ਪੈਸਾ ਜੋੜਨ ਦੀ ਲੋੜਿੰਦਾ ਸਮਾਂ ਪਹਿਲਾਂ ਨਾਲੋਂ ਕਿਤੇ ਜਿਆਦਾ ਹੋ ਗਿਆ ਹੈ। ਫਰੀਲੈਂਡ ਨੇ ਕਿਹਾ ਕਿ ਹੁਣ ਤੱਕ 7 ਲੱਖ 50 ਹਜਾਰ ਤੋਂ ਵੱਧ ਕਨੇਡੀਅਨਾਂ ਨੇ ਐਫਐਚਐਸਈ ਖੋਲਿਆ ਹੈ ਹਾਲਾਂਕਿ ਪ੍ਰੋਗਰਾਮ ਪਿਛਲੇ ਸਾਲ ਇੱਕ ਅਪ੍ਰੈਲ ਨੂੰ ਆਨਲਾਈਨ ਕਰ ਦਿੱਤਾ ਗਿਆ ਸੀ ਪਰ ਜ਼ਿਆਦਾਤਰ ਕਨੇਡੀਅਨ ਵਿੱਤੀ ਸੰਸਥਾਵਾਂ ਨੇ ਪਿਛਲੀ ਗਰਮੀਆਂ ਜਾਂ ਫਾਲ ਤੋਂ ਹੀ ਇਸ ਖਾਤੇ ਦੀ ਪੇਸ਼ਕਸ਼ ਸ਼ੁਰੂ ਕੀਤੀ ਸੀ।

# ਫਾਇਰ ਕਰਕੇ ਭੱਜਣ ਵਾਲੇ ਦੀ ਕੈਲਗਰੀ ਪੁਲਿਸ ਨੂੰ ਭਾਲ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਨੇ ਬੀਤੇ ਦਿਨੀ ਨੌਰਥ ਵੈਸਟ ਹੋਈ ਸ਼ੂਟਿੰਗ ਜਿਸ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ ਉਹਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਹਨਾਂ ਨੂੰ ਜ਼ੀਰੋ ਟੂ 100 ਬਲਾਕ ਆਫ ਹਾਰਟ ਫੋਰਡ ਰੋਡ ਨੌਰਥ ਵੈਸਟ ਉੱਪਰ ਰਾਤ ਸਮੇਂ ਬੁਲਾਇਆ ਗਿਆ ਸੀ। ਕਾਲ ਤੇ ਉਹਨਾਂ ਨੂੰ ਦੱਸਿਆ ਗਿਆ ਸੀ ਉਸ ਜਗ੍ਹਾ ਤੇ ਕਾਫੀ ਫਾਇਰ ਹੋਏ ਸਨ। ਦੋਸ਼ੀ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਮੁਤਾਬਕ ਇਹ ਟਾਰਗੇਟਡ ਇੰਸੀਡੈਂਟ ਸੀ ਜੇ ਕਿਸੇ ਕੋਲ ਵੀ ਸਬੰਧੀ ਕੋਈ ਜਾਣਕਾਰੀ ਹੈ ਤਾਂ ਉਹ 400 366 1234 ਤੇ ਸਾਂਝੀ ਕਰ ਸਕਦੇ ਹਨ ਜਾਂ ਫਿਰ ਕਰਾਇਮ ਸਟਾਪਰਸ ਨੂੰ ਗੁਪਤ ਸੂਚਨਾ ਵੀ ਦੇ ਸਕਦੇ ਹਨ।

# ਗੋਲਫ ਦੇ ਸ਼ੌਕੀਨਾ ਲਈ ਦੋ ਗੋਲਫ ਕੋਰਸ ਖੁੱਲਣ ਲੱਗੇ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਰਦੀਆਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਇੱਕ ਵਾਰ ਫਿਰ ਤੋਂ ਕੈਲਗਰੀ ਗੌਲਫਰ ਜਲਦੀ ਹੀ ਉਹਨਾਂ ਕਲੱਬਾਂ ਚ ਦੁਬਾਰਾ ਜਾ ਸਕਣ ਕਿ ਜਿਹੜੇ ਕੇ ਪਿਛਲੇ ਕਾਫੀ ਸਮੇਂ ਤੋਂ ਵਾਂਝੇ ਸੀ ਜੋ ਕੈਲਗਰੀ ਸਿਟੀ ਦਾ ਕਹਿਣਾ ਕਿ ਉਹ ਸਿਟੀ ਦੀ ਮਲਕੀਅਤ ਵਾਲੇ ਦੋ ਗੋਲਫ ਕੋਰਸ ਖੋਲਣ ਦੀ ਤਿਆਰੀ ਕਰ ਰਹੇ ਹਨ। ਆਪਣੇ ਟਾਈਮ ਨੂੰ ਸਿਟੀ ਦੀ ਵੈਬਸਾਈਟ ਤੇ ਲਾਗ ਇਨ ਕਰਕੇ ਆਨਲਾਈਨ ਬੁੱਕ ਕੀਤਾ ਜਾ ਸਕਦਾ ਹੈ। ਕੈਲਗਰੀ ਦੇ ਬਹੁਤ ਸਾਰੇ ਗੋਲਫਰ ਪਹਿਲਾਂ ਹੀ ਇਹਨਾਂ ਲਿੰਕ ਤੇ ਜਾਣ ਦੇ ਲਈ ਤਿਆਰ ਹਨ । ਆ ਰਹੇ ਕੁਝ ਦਿਨਾਂ ਦੇ ਵਿੱਚ ਐਡਮਿੰਟਨ ਅਤੇ ਲੈਥਬਰਿੱਜ ਤੇ ਬਹੁਤ ਸਾਰੇ ਗੋਲਫ ਕੋਰਸ ਵੀ ਇਸ ਸਪਰਿੰਗ ਸਿਸਟਮ ਦੇ ਲਾਈ ਖੋਲ ਦਿੱਤੇ ਜਾਣਗੇ।












**ਗੁਰੂ ਪਿਆਰੀ ਸਾਧ ਸੰਗਤ ਜੀਓ**
**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ ਜੀ**

ਜਿਵੇਂ ਕਿ ਆਪ ਸਭ ਸੰਗਤਾਂ ਨੂੰ ਪਤਾ ਹੈ ਕਿ ਮਿਤੀ 11 ਮਈ 2024 ਦਿਨ ਸ਼ਨੀਵਾਰ ਨੂੰ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ ਰਿਜਾਇਨਾ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਉਲੀਕੇ ਗਏ ਹਨ ਇਸ ਨਗਰ ਕੀਰਤਨ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਯੋਗ ਪ੍ਰਬੰਧ ਕਰਨ ਹਿੱਤ,ਮਿਤੀ 20 ਅਪ੍ਰੈਲ ਦਿਨ ਸ਼ਨੀਵਾਰ ਨੂੰ ਦੁਪਹਿਰ 2 ਵਜੇ ਇੱਕ ਸੰਗਤੀ ਇਕੱਠ ਗੁਰਦੁਆਰਾ ਸਾਹਿਬ ਵਿਖੇ ਰੱਖਿਆ ਗਿਆ ਹੈ ਸਨਿਮਰ ਬੇਨਤੀ ਹੈ ਆਪ ਸਭ ਨੇ ਆਪਣੇ ਆਪਣੇ ਕੀਮਤੀ ਸੁਝਾਅ ਦੇਣ ਲਈ ਸਮੇਂ ਸਿਰ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ। ਨਗਰ ਕੀਰਤਨ ਲਈ ਬੇਅੰਤ ਮਾਇਆ ਦੀ ਲੋੜ ਹੈ ਬੇਨਤੀ ਹੈ ਉਸ ਦਿਨ ਹੀ ਆਪ ਜੀਆਂ ਨੇ ਆਪਣੇ ਦਸਵੰਧ ਦੀ ਵੱਧ ਤੋਂ ਵੱਧ ਮਾਇਆ ਭੇਂਟ ਕਰਨ ਦੀ ਕਿਰਪਾਲਤਾ ਕਰਨੀ ਤਾਂ ਜੋ ਯੋਗ ਪ੍ਰਬੰਧ ਕੀਤੇ ਜਾ ਸਕਣ।

**ਬੇਨਤੀ ਕਰਤਾ : ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ ਰਿਜਾਇਨਾ**




# ਸਿੱਖ ਵਿਰਾਸਤੀ ਮਹੀਨੇ ਮੌਕੇ ਸਿਟੀ ਹਾਲ ਵਿਖੇ ਕੇਸਰੀ ਨਿਸ਼ਾਨ ਝੁਲਾਇਆ ਗਿਆ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਸੋਸਾਇਟੀ ਰੀਜਾਇਨਾ ਐਗਜ਼ੈਕਟਿਵ ਕਮੇਟੀ ਅਤੇ ਸਿੱਖ ਕਮਿਊਨਿਟੀ ਆਫ ਰੀਜਾਇਨਾ ਲਈ ਬੀਤਿਆ ਉਹ ਦਿਨ ਮਾਣਮੱਤਾ ਰਿਹਾ ਜਿਸ ਦਿਨ ਦੀ ਸ਼ੁਰੂਆਤ ਸਿਟੀ ਹਾਲ ਵਿਖੇ ਨਿਸ਼ਾਨ ਸਾਹਿਬ ਲਹਿਰਾਉਣ ਤੋਂ ਬਾਅਦ ਸਸਕੈਚਵਨ ਲੈਜਿਸਲੇਟਿਵ ਬਿਲਡਿੰਗ ਵਿਖੇ ਸੂਬਾਈ ਸਰਕਾਰ ਵੱਲੋਂ ਸਿੱਖ ਵਿਰਾਸਤੀ ਮਹੀਨੇ ਦੀ ਘੋਸ਼ਣਾ ਨਾਲ ਹੋਈ ਅਤੇ ਸ਼ਾਮ ਨੂੰ ਸਿੱਖ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ।

ਗੁਰੂਘਰ ਦੀ ਪਰਬੰਧਕੀ ਕਮੇਟੀ ਵੱਲੋਂ ਧੰਨਵਾਦੀ ਸ਼ਬਦਾਂ ਨਾਲ ਧੰਨਵਾਦ ਕੀਤਾ ਗਿਆ ਕਿ ਕਮਿਊਨਿਟੀ ਦੇ ਅਜਿਹੇ ਚੰਗੇ ਨੁਮਾਇੰਦੇ ਹੋਣ ਜੋ ਕਮੇਟੀ ਦੇ ਨਾਲ ਮੋਢੇ ਨਾਲ ਮੋਢਾ ਜੋੜਨ ਕਾਰਣ ਹੀ ਅਜਿਹਾ ਹੋ ਸਕਿਆ ਹੈ ।

ਇਸ ਲਈ ਅਸੀਂ ਮਿਉਂਸਪਲ ਸਰਕਾਰ ਅਤੇ ਸੂਬਾਈ ਸਰਕਾਰ ਦੇ ਨਮਾਇੰਦਿਆਂ ਸਮੇਤ ਹਰ ਇੱਕ ਦਾ ਧੰਨਵਾਦ ਕਰਦੇ ਹਾਂ।

# ਠੱਗਿਆ ਮਹਿਸੂਸ ਕਰ ਰਿਹਾ ਹੈ ਢੀਂਡਸਾ ਪਰਿਵਾਰ





ਜਲੰਧਰ (ਪੰਜਾਬੀ ਅਖਬਾਰ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਵਲੋਂ ਸੰਗਰੂਰ ਹਲਕੇ ਤੋਂ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਕੱਟੇ ਜਾਣ ਤੋਂ ਢੀਂਡਸਾ ਦੇ ਨੇੜਲਿਆਂ 'ਚ ਮਾਯੂਸੀ ਛਾ ਗਈ ਹੈ। ਹੁਣ ਇਹ ਸਵਾਲ ਹੋ ਰਹੇ ਹਨ ਕਿ ਕੀ ਹੁਣ ਢੀਂਡਸਾ ਪਰਿਵਾਰ ਕਿਸੇ ਹੋਰ ਪਾਰਟੀ ਦਾ ਪੱਲਾ ਫੜੇਗਾ। ਇਸ ਸਵਾਲ ਨੂੰ ਲੈ ਕੇ ਢੀਂਡਸਾ ਪਰਿਵਾਰ ਖ਼ੁਦ ਵੀ ਸਿਆਸੀ ਮੰਥਨ 'ਚ ਜੁੱਟਿਆ ਹੋਇਆ ਹੈ। ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਵੀਆਂ ਪ੍ਰਸਥਿਤੀਆਂ 'ਚ ਭਾਜਪਾ ਦੇ ਲੜ ਲੱਗਣ ਬਾਰੇ ਸੋਚਣ ਲੱਗੇ ਹਨ, ਪਰ ਪਰਮਿੰਦਰ ਸਿੰਘ ਢੀਂਡਸਾ ਹਾਲੇ ਭਾਜਪਾ 'ਚ ਜਾਣ ਦੇ ਰੌਂਅ 'ਚ ਨਹੀਂ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਨੂੰ ਟਿਕਟ ਦੇ ਕੇ ਸਿਆਸੀ ਦਾਅ ਖੇਡ ਦਿੱਤਾ ਹੈ, ਪਰ ਢੀਂਡਸਾ ਸਮਰਥਕਾਂ ਦੇ ਉਹ ਵੇਲਾ ਹੱਥ ਨਹੀਂ ਆ ਰਿਹਾ ਜਿਸ ਸਮੇਂ ਸੰਯੁਕਤ ਅਕਾਲੀ ਦਲ ਦਾ ਰਲੇਵਾਂ ਕੀਤਾ ਗਿਆ ਸੀ। ਜਦੋਂ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋਣ ਦਾ ਫ਼ੈਸਲਾ ਲੈਣ ਵਾਸਤੇ ਢੀਂਡਸਾ ਨੇ ਇੱਕ ਕਮੇਟੀ ਬਣਾਈ ਸੀ ਤਾਂ ਓਦੋਂ ਬਹੁ-ਗਿਣਤੀ ਨੇ ਸੁਖਬੀਰ ਬਾਦਲ ਤੋਂ ਪਾਸਾ ਵੱਟਣ ਲਈ ਕਿਹਾ ਸੀ। ਜਿਹੜੇ ਢੀਂਡਸਾ ਨੇੜਲੇ ਟਿਕਟਾਂ ਦੀ ਆਸ ਲਾਈ ਬੈਠੇ ਸਨ, ਉਨ੍ਹਾਂ ਨੂੰ ਹੁਣ ਆਪਣਾ ਸਿਆਸੀ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ ਹੈ। ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇੱਕ ਇੰਟਰਵਿਊ 'ਚ ਕਿਹਾ ਹੈ ਕਿ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਖ਼ਾਤਿਰ ਸੌਦਾ ਕੀਤਾ ਗਿਆ ਹੈ ਜਿਸ ਕਰ ਕੇ ਪਰਮਿੰਦਰ ਢੀਂਡਸਾ ਦੀ ਟਿਕਟ ਕੱਟੀ ਗਈ। ਸੂਤਰ ਦੱਸਦੇ ਹਨ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿਕਟ ਦੇ ਐਲਾਨ ਤੋਂ ਪਹਿਲਾਂ ਅਤੇ ਮਗਰੋਂ ਵੀ ਢੀਂਡਸਾ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਕੀਤਾ।ਢੀਂਡਸਾ ਪਰਿਵਾਰ ਲਈ ਪ੍ਰਸਥਿਤੀ ਕਾਫ਼ੀ ਕਸੂਤੀ ਬਣੀ ਹੋਈ ਹੈ ਅਤੇ ਕਾਹਲੀ 'ਚ ਲਿਆ ਫ਼ੈਸਲਾ ਕਿਤੇ ਪੁੱਠਾ ਨਾ ਪੈ ਜਾਵੇ, ਇਸ ਕਰ ਕੇ ਪਰਿਵਾਰ ਮੰਥਨ 'ਚ ਲੱਗਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਭਾਜਪਾ ਤਰਫ਼ੋਂ ਢੀਂਡਸਾ ਪਰਿਵਾਰ ਨੂੰ ਸੰਗਰੂਰ ਤੋਂ ਟਿਕਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਢੀਂਡਸਾ ਪਰਿਵਾਰ ਹੁਣ ਦੁਚਿੱਤੀ 'ਚ ਫ਼ਸਿਆ ਹੋਇਆ ਹੈ। ਇਸ ਮਾਮਲੇ 'ਤੇ ਜਦੋਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਫ਼ੋਨ ਨਹੀਂ ਚੁੱਕਿਆ। ਚੇਤੇ ਰਹੇ ਕਿ ਸੁਖਦੇਵ ਸਿੰਘ ਢੀਂਡਸਾ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਹਨ।









# ਸਾਕਾ ਵਾਲਿਆਂ ਨੇ ਆਪਣੀ ਸੰਸਥਾ ਦੇ ਮੈਂਬਰਾਂ ਦੇ ਜਨਮ ਦਿਨ ਮਨਾਏ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਸਾਊਥ ਏਸ਼ੀਅਨ ਐਸੋਸੀਏਸ਼ਨ ਕੈਲਗਰੀ ਵੱਲੋਂ ਆਪਣੇ ਇਸ ਮਹੀਨੇ ਵਿੱਚ ਜਨਮੇ ਮੈਂਬਰਾਂ ਦੇ ਜਨਮਦਿਨ ਮਨਾਏ ਗਏ। ਸਾਕਾ ਸੋਸਾਇਟੀ ਦੇ ਦਫਤਰ ਵਿੱਚ ਸਰਦਾਰ ਮਹਿੰਦਰ ਸਿੰਘ ਮੁੰਡੀ, ਕੁਲਦੀਪ ਸਿੰਘ ਗਿੱਲ, ਜਰਨੈਲ ਸਿੰਘ ਤੱਗੜ ਅਤੇ ਰਸ਼ਪਾਲ ਸਿੰਘ ਜੀ ਦੀ ਹਾਜ਼ਰੀ ਵਿੱਚ ਕੇਕ ਕੱਟਿਆ ਗਿਆ। ਸਰਦਾਰ ਜਰਨੈਲ ਸਿੰਘ ਤੱਗੜ ਪੰਜਾਬ ਗੇੜਾ ਲਾ ਕੇ ਆਏ ਹਨ ਅਤੇ ਸਭ ਨੂੰ ਕਹਿ ਰਹੇ ਸਨ ਕਿ ਜਿੰਨਾ ਚਿਰ ਸਿਹਤ ਇਜਾਜ਼ਤ ਦਿੰਦੀ ਹੈ ਉਨਾ ਚਿਰ ਜਰੂਰ ਗੇੜਾ ਲਾਇਆ ਕਰੋ। ਜਗਦੀਸ਼ ਕੌਰ ਸਰੋਆ ਨੇ ਸ਼ਹੀਦ ਭਗਤ ਸਿੰਘ ਦੇ ਬਾਰੇ ਕਵਿਤਾ ਬੋਲੀ । ਸਰਬਜੀਤ ਕੌਰ ਨੇ ਪੀਲੇ ਪੀਲੇ ਪੱਲੇ ਵਾਲੀ ਸਾੜੀ ਲੈਣ ਦੀ ਆਪਣੇ ਸਾਥੀ ਕੋਲ ਫਰਮਾਇਸ਼ ਦਾ ਗੀਤ ਸੁਣਾਇਆ। ਸੁਰਿੰਦਰ ਕੌਰ ਸੰਧੂ ਨੇ ਕੁਝ ਕ ਅਨਮੋਲ ਬਚਨ ਸੁਣਾਏ ਅਤੇ ਚੁਟਕੁਲੇ ਸੁਣਾ ਕੇ ਹਾਸੇ ਬਿਖੇਰੇ। ਗੁਰਜੀਤ ਕੌਰ ਬਵੇਜਾ ਨੇ ਪੁਰਾਣੇ ਜਮਾਨੇ ਦੇ ਖਰਚਿਆਂ ਬਾਰੇ ਦਾਦੇ ਪੋਤੇ ਦੀ ਆਪਸੀ ਵਾਰਤਾਲਾਪ ਕਿ ਸਾਡੇ ਜਮਾਨੇ ਵਿੱਚ ਥੋੜੇ ਖਰਚੇ ਹੁੰਦੇ ਹਨ। ਹਰਚੰਦ ਸਿੰਘ ਜੀ ਨੇ ਸ਼ਹੀਦ ਭਗਤ ਸਿੰਘ ਦੀ ਘੋੜੀ ਪੇਸ਼ ਕੀਤੀ। ਹਰਜੀਤ ਕੌਰ ਜੋਹਲ ਨੇ ਆਪਣੀ ਬੁਲੰਦ ਆਵਾਜ਼ ਵਿੱਚ ਬੋਲੀਆਂ ਸੁਣਾ ਕੇ ਰੌਣਕਾਂ ਲਾ ਦਿੱਤੀਆਂ ।ਮਹਿੰਦਰ ਸਿੰਘ ਮੁੰਡੀ ਨੇ ਗਜ਼ਲ ਪੇਸ਼ ਕੀਤੀ ਅਤੇ ਜਿਨਾਂ ਮੈਂਬਰਾਂ ਦੇ ਜਨਮਦਿਨ ਸੀ ਉਹਨਾਂ ਨੂੰ ਵਧਾਈ ਦਿੱਤੀ।ਆਖਿਰ ਵਿੱਚ ਮੰਚ ਉਪਰੋਂ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ।ਸਟੇਜ ਦੀ ਕਾਰਵਾਈ ਸਰਦਾਰ ਰਸਪਾਲ ਸਿੰਘ ਨੇ ਬਾਖੂਬ ਨਿਭਾਈ।

# ਕੈਨੇਡਾ ਦੀ ਫ਼ੈਡਰਲ ਸਰਕਾਰ ਨੇ ਨੈਕਸਸ ਕਾਰਡ ਦੀ ਫੀਸ ਵਿੱਚ ਵਾਧੇ ਦਾ ਐਲਾਨ ਕੀਤਾ

ਓਟਾਵਾ (ਪੰਜਾਬੀ ਅਖ਼ਬਾਰ ਬਿਊਰੋ) ਇਸ ਸਾਲ ਪਹਿਲੀ ਅਕਤੂਬਰ ਤੋਂ ਨੈਕਸਸ ਟ੍ਰੈਵਲ ਪ੍ਰੋਗਰਾਮ ਲਈ ਅਪਲਾਈ ਕਰਨ ਦੀ ਫ਼ੀਸ 50 ਅਮਰੀਕੀ ਡਾਲਰ ਤੋਂ ਵਧ ਕੇ 120 ਅਮਰੀਕੀ ਡਾਲਰ ਕਰ ਦਿੱਤੀ ਜਾਵੇਗੀ। ਕੈਨੇਡਾ ਬਾਰਡਰ ਸਰਵਿਸ ਏਜੰਸੀ ਮੁਤਾਬਕ ਮੌਜੂਦਾ 50 ਅਮਰੀਕੀ ਡਾਲਰ ਦੀ ਫ਼ੀਸ ਦੋ ਦਹਾਕੇ ਪਹਿਲਾਂ ਨਿਰਧਾਰਿਤ ਕੀਤੀ ਗਈ ਸੀ ਅਤੇ ਇਹ ਫ਼ੀਸ ਇਸ ਪ੍ਰੋਗਰਾਮ ਦੇ ਪ੍ਰਬੰਧਨ ਦੀ ਲਾਗਤ ਵੀ ਪੂਰੀ ਨਹੀਂ ਕਰਦੀ। ਨੈਕਸਸ ਟ੍ਰੈਵਲ ਪ੍ਰੋਗਰਾਮ ਕੈਨੇਡਾ ਬਾਰਡਰ ਸਰਵਿਸ ਏਜੰਸੀ ਅਤੇ ਅਮਰੀਕਾ ਦੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਿਭਾਗ ਵੱਲੋਂ ਸਾਂਝੇ ਤੌਰ ਤੇ ਸ਼ੁਰੂ ਕੀਤਾ ਗਿਆ ਇੱਕ ਪ੍ਰੋਗਰਾਮ ਹੈ ਜਿਸ ਤਹਿਤ ਭਰੋਸੇਯੋਗ ਯਾਤਰੀ ਕੈਨੇਡਾ ਜਾਂ ਅਮਰੀਕਾ ਵਿੱਚ ਦਾਖ਼ਲ ਹੋਣ ਲੱਗਿਆਂ ਦੋਹਵੇਂ ਮੁਲਕਾਂ ਦੀ ਸਰਹੱਦ ਤੇ ਲੱਗੀਆਂ ਲੰਮੀਆਂ ਕਤਾਰਾਂ ਤੋਂ ਬਚ ਜਾਂਦੇ ਹਨ। ਜਿਨ੍ਹਾਂ ਯਾਤਰੀਆਂ ਕੋਲ ਨੈਕਸਸ ਕਾਰਡ ਹੁੰਦੇ ਹਨ ਉਹਨਾਂ ਲਈ ਏਅਰਪੋਰਟ ਅਤੇ ਕਸਟਮਜ਼ ਉੱਤੇ ਇੱਕ ਵੱਖਰੀ ਲੇਨ ਰਾਖਵੀਂ ਹੁੰਦੀ ਹੈ। ਏਜੰਸੀ ਵਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਨਵੀਂ ਵਧਾਈ ਗਈ ਫ਼ੀਸ ਇਸ ਪ੍ਰੋਗਰਾਮ ਦੇ ਪ੍ਰਬੰਧਨ ਦੀ ਲਾਗਤ ਦੀ ਭਰਪਾਈ ਕਰਨ ਦੇ ਨਾਲ ਟੈਕਨਾਲੋਜੀ ਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਸਮੇਤ ਭਵਿੱਖ ਦੇ ਪ੍ਰੋਗਰਾਮ ਸੁਧਾਰਾਂ ਲਈ ਲੋੜੀਂਦੇ ਨਿਵੇਸ਼ ਨੂੰ ਵਧੇਰੇ ਸਹੀ ਢੰਗ ਨਾਲ ਦਰਸਾਏਗੀ। ਕੈਨੇਡਾ ਦੀ ਧਰਤੀ 'ਤੇ ਅਮਰੀਕੀ ਏਜੰਟਾਂ ਦੇ ਬੰਦੂਕਾਂ ਰੱਖਣ ਦੇ ਅਧਿਕਾਰ ਨੂੰ ਲੈ ਕੇ ਕੈਨੇਡਾ ਅਤੇ ਅਮਰੀਕਾ ਵਿਚਕਾਰ ਇੱਕ ਸਾਲ ਤੱਕ ਚੱਲੇ ਅੜਿੱਕੇ ਤੋਂ ਬਾਅਦ ਪਿਛਲੇ ਸਾਲ ਇਹ ਪ੍ਰੋਗਰਾਮ ਕੈਨੇਡਾ ਵਿੱਚ ਪੂਰੀ ਤਰ੍ਹਾਂ ਦੁਬਾਰਾ ਖੋਲ੍ਹਿਆ ਗਿਆ ਸੀ। ਇਸ ਅੜਿੱਕੇ ਵਿਚ ਇੱਕ ਸਮਝੌਤਾ ਕੀਤਾ ਗਿਆ ਸੀ ਜਿਸ ਤਹਿਤ ਕੈਨੇਡੀਅਨ ਬਾਰਡਰ ਏਜੰਟਾਂ ਨੂੰ ਅੱਠ ਕੈਨੇਡੀਅਨ ਹਵਾਈ ਅੱਡਿਆਂ 'ਤੇ ਅਮਰੀਕੀ ਏਜੰਟਾਂ ਤੋਂ ਵੱਖ, ਨੈਕਸਸ ਬਿਨੈਕਾਰਾਂ ਦੀ ਇੰਟਰਵਿਊ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਕੋਵਿਡ 19 ਦੀ ਮਹਾਂਮਾਰੀ ਤੋਂ ਪਹਿਲਾਂ ਦੋਵੇਂ ਮੁਲਕਾਂ ਦੇ ਅਧਿਕਾਰੀ ਸਾਂਝੀ ਇੰਟਰਵਿਊ ਕਰਦੇ ਸਨ। ਕੈਨੇਡਾ ਬਾਰਡਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਭਾਗ ਨੂੰ ਪੰਜ ਲੱਖ ਤੋਂ ਵੱਧ ਅਰਜ਼ੀਆਂ ਹਾਸਲ ਹੋਈਆਂ ਹਨ। ਏਜੰਸੀ ਅਨੁਸਾਰ ਫੀਸ ਵਿੱਚ ਵਾਧਾ ਇਸ ਵਧੀ ਹੋਈ ਮੰਗ ਦੀ ਪੂਰਤੀ ਵਿੱਚ ਮਦਦ ਕਰੇਗਾ। 2002 ਵਿਚ ਦੋਹਵਾਂ ਮੁਲਕਾਂ ਵਲੋਂ ਸਾਂਝੇ ਤੌਰ ਤੇ ਸ਼ੁਰੂ ਕੀਤੇ ਗਏ ਇਸ ਪ੍ਰੋਗਰਾਮ ਤਹਿਤ ਹੁਣ ਤੱਕ 18 ਲੱਖ ਤੋਂ ਵਧੇਰੇ ਲੋਕ ਨੈਕਸਸ ਕਾਰਡ ਬਣਵਾ ਚੁੱਕੇ ਹਨ। ਬਾਰਡਰ ਅਧਿਕਾਰੀਆਂ ਨੇ ਕਿਹਾ ਕਿ ਉਹ ਪਹਿਲੀ ਅਕਤੂਬਰ ਨੂੰ ਫੀਸ ਵਾਧਾ ਲਾਗੂ ਹੋਣ ਤੋਂ ਪਹਿਲਾਂ ਨਵੀਆਂ ਅਰਜ਼ੀਆਂ ਵਿੱਚ ਵਾਧੇ ਦੀ ਉਮੀਦ ਕਰਦੇ ਹਨ ਅਤੇ ਬਿਨੈਕਾਰਾਂ ਨੂੰ ਜਲਦੀ ਤੋਂ ਜਲਦੀ ਇੰਟਰਵਿਊ ਬੁੱਕ ਕਰਨ ਦੀ ਸਲਾਹ ਦਿੱਤੀ ਗਈ ਹੈ


















# ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ

ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235 ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ



Mega Sanjha Punjab GROCERY STORE



ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।



5 LOCATIONS TO SERVE YOU

| | | | | |
|---|---|---|---|---|
| 331-3690 WESTWINDS DR NE, CALGARY | 117 7171 80 AVE NE, CALGARY | 570- 6520 FALCONRIDGE BLVD. NE, CALGARY | 606 CITYSCAPE SQR NE, CALGARY | 3150 - 235 RED EMBERS WAY NE, CALGARY |

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ

2 FOR 1 PIZZA HOUSE
HOUSE OF TASTE & QUALITY



Please advise us of any food allergies

**Call for Delivery**

**Westwinds**
#123 – 55 Westwind Cres NE Calgary, AB
403-285-9000

**Nolan Hill**
Unit 155, 50 Nolanridge Court NW "Calgary, AB

**Stonegate**
#112 – 2250 Country Hills Blvd NE Calgary, AB
403-818-9000

**The Hills at Charlesworth**
#3747 – 8th Ave SW Edmonton, AB
780-250-9009

**Chestermere**
#101-288 Kinniburgh Blvd
403.292.0000 EXT. 6

ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000

2 For 1 Pizza House Franchise Application

**Business Hours**
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary

info@2for1pizzahouse.com
www.2for1pizzahouse.com

"GREAT FOOD, GREAT PRICE, GREAT QUALITY!!"

# BHINDER EXTERIOR

BHINDER EXTERIORS LTD.

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ



ਇੰਸ਼ਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।





*All kind of Exterior Service*

* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

**Call: 403 680 0436**
**Email: sandeeptoor72@gmail.com**